..........................................................................................................

..........................................................................................................

**(ਅ) ਖਾਲੀ ਸ਼ਥਾਨ ਭਰੋ—**

1. ਦੋ ਮੁੱਖ ਤਰ੍ਹਾਂ ਦੇ ਕੈਪਸੂਲ ਹਨ .......... ਅਤੇ ...........।
2. ਠੋਸ ਖੋਲ ਵਾਲੇ ਕੈਪਸੂਲ ਆਮਤੌਰ ਤੇ .......... ਦੇ ਬਣੇ ਹੋਏ ਹੁੰਦੇ ਹਨ।
3. ਕਈ ਪਿਤਰੀ ਬਣਤਰਾਂ ........... ਤੇ ਸਥਿਰ ਹੁੰਦੀਆਂ ਹਨ।
4. ਪੇਸਟ ਵਿੱਚ ........., ......... ਅਤੇ .......... ਮਿਲਿਆ ਹੁੰਦਾ ਹੈ।
5. ਮੱਲ੍ਹਮ ਵਿੱਚ ............ % ਅਤੇ ............ % ਪਾਣੀ ਹੁੰਦਾ ਹੈ।

## ਮੁੱਲਾਂਕਣ ਕ੍ਰਿਆ ਲਈ ਚੈੱਕਲਿਸਟ

ਇਹ ਦੇਖਣ ਲਈ ਹੇਠ ਲਿਖੀ ਚੈੱਕਲਿਸਟ ਦੀ ਵਰਤੋਂ ਕਰੋ, ਜੇ ਤੁਸੀਂ ਮੁੱਲਾਂਕਣ ਕ੍ਰਿਆ ਸੰਬੰਧੀ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ।

**ਵਿਸ਼ੇਸ਼ ਪ੍ਰਭਾਵਕਾਰੀ ਸੂਤਰੀਕਰਣ**

ਕਰੀਮ – ਤੇਲ ਦਾ ਗਾੜ੍ਹਾ ਘੋਲ ਅਤੇ ਪਾਣੀ ਦੀ ਲਗਭਗ ਬਰਾਬਰ ਮਾਤਰਾ।

ਮੱਲ੍ਹਮ – ਜਿਸ ਵਿੱਚ ਤੇਲ 80% ਤੇ ਪਾਣੀ 20% ਹੁੰਦਾ ਹੈ ਜੋ ਨਮੀ ਦੀ ਕਮੀ ਲਈ ਪ੍ਰਭਾਵੀ ਰੋਕ ਹੈ।

ਜੈੱਲ – ਇਹ ਚਮੜੀ ਨਾਲ ਲੱਗ ਕੇ ਫੈਲ ਜਾਂਦੀ ਹੈ।

ਪੇਸਟ – ਇਸ ਵਿੱਚ ਤਿੰਨ ਚੀਜਾਂ ਹੁੰਦੀਆਂ ਹਨ- ਤੇਲ, ਪਾਣੀ ਅਤੇ ਪਾਊਡਰ। ਇਹ ਇਕ ਮੱਲ੍ਹਮ ਹੁੰਦੀ ਹੈ ਜਿਸ ਵਿੱਚ ਪਾਊਡਰ ਠਹਿਰਾਇਆ ਹੁੰਦਾ ਹੈ।

ਪਾਊਡਰ – ਇਕ ਵਧੀਆ ਅਧਵੰਡੀ ਠੋਸ ਵਸਤ।

**ਭਾਗ-ੳ**

**ਹੇਠ ਲਿਖਿਆਂ ਵਿੱਚ ਫਰਕ ਪਤਾ ਕੀਤਾ—**

1. ਸਖ਼ਤ ਅਤੇ ਨਰਮ ਖੋਲ ਕੈਪਸੂਲ
2. ਮੱਲ੍ਹਮ ਅਤੇ ਕਰੀਮ
3. ਜੈੱਲ ਅਤੇ ਪੇਸਟ



Downloaded from https:// www.studiestoday.com

Downloaded from https:// www.studiestoday.com

### ਭਾਗ-ਅ

#### ਹੇਠ ਲਿਖੇ ਦੀ ਜਮਾਤ ਵਿੱਚ ਚਰਚਾ ਕੀਤੀ ਗਈ—

1. ਗੋਲੀ ਦੀ ਵਰਤੋਂ
2. ਪਿਤਰੀ ਰਾਹ ਰਾਹੀਂ ਦਵਾਈ ਦੇਣ ਵਿੱਚ ਜੀ.ਡੀ.ਏ (GDA) ਦੀ ਕੀ ਭੂਮਿਕਾ ਹੈ?

### ਭਾਗ-ੲ

#### ਪ੍ਰਦਰਸ਼ਨ ਪੱਧਰ

ਪ੍ਰਦਰਸ਼ਨ ਪੱਧਰ ਵਿੱਚ ਸ਼ਾਮਿਲ ਪਰ ਹੱਦ ਨਹੀਂ—

| ਪ੍ਰਦਰਸ਼ਨ ਪੱਧਰ (**Performance Standard**) | ਹਾਂ | ਨਾਂ |
|---|---|---|
| ਅਲੱਗ-2 ਖੁਰਾਕਾਂ ਦੀਆਂ ਕਿਸਮਾਂ ਨੂੰ ਪਹਿਚਾਣੋ | | |

—0—



Downloaded from https:// www.studiestoday.com

Downloaded from https:// www.studiestoday.com

# ਸੈਸ਼ਨ-5 : ਨਵੀਂ ਦਵਾਈ ਭੁਗਤਾਨ ਵਿਵਸਥਾ

## ਸੰਬੰਧਿਤ ਗਿਆਨ

ਇਸ ਸੈਸ਼ਨ ਵਿੱਚ ਤੁਸੀਂ ਵੱਖ-2 ਤਰ੍ਹਾਂ ਦੀਆਂ ਨਵੀਆਂ ਦਵਾਈ ਵਿਵਸਥਾਵਾਂ ਅਤੇ ਉਹਨਾਂ ਦੇ ਲਾਭਾਂ ਬਾਰੇ ਸਿੱਖੋਗੇ।

ਦਵਾਸਾਜ਼ੀ ਤਕਨੀਕ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਵਾਧਾ ਹੋਇਆ ਹੈ ਅਤੇ ਕਈ ਨਵੀਆਂ ਤਕਨੀਕਾਂ ਤੇ ਨਵੀਆਂ ਵਿਵਸਥਾਵਾਂ ਪੈਦਾ ਹੋਈਆਂ ਹਨ। ਇਹ ਨਵੀਂ ਖੋਜ ਤੇ ਕ੍ਰਿਆਵਾਂ ਮਗਰੋਂ ਪ੍ਰਾਪਤ ਹੋਈਆਂ ਹਨ। ਇਹ ਵਿਵਸਥਾਵਾਂ ਹੇਠ ਲਿਖਿਆਂ ਦੇ ਸੰਬੰਧ ਵਿੱਚ ਲਾਭਕਾਰੀ ਹਨ—

- ਸਹੀ ਖ਼ੁਰਾਕ
- ਅਨੁਕੂਲਤਮ ਭੁਗਤਾਨ
- ਵਿਸ਼ੇਸ਼ ਨਿਸ਼ਾਨਾ ਭੁਗਤਾਨ
- ਸਮਾਂ ਬੱਧ ਭੁਗਤਾਨ
- ਇਕੱਠੀਆਂ ਖ਼ੁਰਾਕਾਂ
- ਘੱਟੋ ਘੱਟ ਬੁਰੇ ਪ੍ਰਭਾਵ

ਬਹੁਤ ਸਾਰੀਆਂ ਕਿਸਮਾਂ ਦੀਆਂ ਨਵੀਆਂ ਦਵਾਈ ਵਿਵਸਥਾਵਾਂ ਬਣੀਆਂ ਹਨ, ਜਿਹਨਾਂ ਵਿੱਚ ਹੇਠ ਲਿਖੇ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

### ਐਰੋਸੋਲਜ਼ (Aerosols)*

ਐਰੋਸੋਲਜ਼ ਤਿਆਰ ਵਸਤਾਂ ਸਥਿਰ ਹਨ ਜੋ ਕਿ ਠੋਸ ਤੇ ਤਰਲ ਪਦਾਰਥਾਂ ਦੇ ਮੇਲ ਤੋਂ ਬਣਦੀਆਂ ਹਨ ਜਿਹਨਾਂ ਦਾ ਮਾਧਿਅਮ ਤੱਤਹੀਣ (gaseous) ਹੁੰਦਾ ਹੈ।

**ਐਰੋਸੋਲਜ਼ ਰਾਹੀਂ ਦਵਾਈ ਭੁਗਤਾਨ ਨੂੰ ਵਾਯੂ ਮਾਰਗ ਵਿੱਚ ਜਮ੍ਹਾਂ ਕੀਤਾ ਜਾਂਦਾ ਹੈ—**

- ਗੁਰੂਤਾ ਗਾਦ ਦਾ ਬੈਠਣਾ
- ਗਤੀਹੀਣ ਦਬਾਓ
- ਫੈਲਾਓ

ਬਹੁਤ ਸਾਰੀਆਂ ਦਵਾਈਆਂ ਦੇ ਹਿੱਸੇ ਪਹਿਲੇ ਦੋ ਤਰੀਕਿਆਂ ਰਾਹੀਂ ਦਵਾਈ ਢੰਗ ਨਾਲ, ਜਦੋਂ ਕਿ ਛੋਟੀਆਂ ਵਸਤਾਂ ਆਪਣਾ ਰਸਤਾ ਬਾਹਰੀ ਸੀਮਾਂ ਖੇਤਰ 'ਚ ਫੈਲਾਓ ਰਾਹੀਂ ਬਣਾਉਂਦੇ ਹਨ।

**ਉੱਥੇ ਤਿੰਨ ਆਮ ਵਰਤੋਂ ਵਾਲੇ ਹਸਪਤਾਲੀ (Aerosols) ਹਨ।**

- Nebalizers
- Metereal Dose Inhaler (MDI)
- Dry Powder Inhaler (DPI)



Downloaded from https:// www.studiestoday.com

Downloaded from https:// www.studiestoday.com

ਇਨ੍ਹਾਂ ਤਿੰਨ੍ਹਾਂ ਵੱਖਰੀਆਂ-2 ਕਾਢਾਂ ਦਾ ਬੁਨਿਆਦੀ ਕੰਮ ਇੱਕ ਦਵਾਈ ਯੁਕਤ (Aerosol Cloud) ਜਿਸ ਵਿੱਚ ਵੱਧ ਤੋਂ ਵੱਧ ਅੰਗ ਮੰਗੇ ਹੋਏ ਅਕਾਰ ਦੀ ਜਦ ਵਿੱਚ ਹਨ।

## Nebulizers

ਨੇਬੋਲਾਈਜ਼ਰਜ਼ ਨੂੰ Aersole drug ਜਾਂ Suspensions of drug delivery ਦੇ ਤੌਰ ਤੇ ਸਾਹ ਨਾਲੀ ਦੇ ਰਾਹ ਵਿੱਚ ਭੇਜਿਆ ਜਾਂਦਾ ਹੈ। ਜੋ ਕਿ ਹਸਪਤਾਲ ਵਿੱਚ ਦਾਖ਼ਲ ਮਰੀਜ਼ਾਂ ਦੇ ਇਲਾਜ ਲਈ ਹੈ।

ਦਵਾਈ ਨੂੰ Mist ਦੇ ਰੂਪ 'ਚ ਭੇਜਿਆ ਜਾਂਦਾ ਹੈ।

### ਇਸ ਦੀਆਂ ਦੋ ਕਿਸਮਾਂ ਹਨ—

- ਹਵਾਈ ਜੈਟ (Air Jet)
- ਅਲਟਰਾਸੋਨਿਕ ਨੇਬੂਲਾਈਜ਼ਰ (Ultrasonic Nebulizer)

## ਸੁੱਕੇ ਪਾਊਡਰ ਵਾਲੇ inhalers (DPI)

DPIs, bolus ਦਵਾਈ ਭੇਜ ਕਾਢਾਂ ਹਨ ਜੋ ਠੋਸ ਦਵਾਈ ਪਾਊਡਰ ਵਿੱਚ ਮਿਲੀ ਹੋਈ ਹੈ ਇਸ ਨੂੰ fludized ਕਰਦਾ ਹੈ ਜਦੋਂ ਮਰੀਜ਼ ਸਾਹ ਖਿੱਚਦਾ ਹੈ।

ਸੁੱਕਾ ਪਾਊਡਰ ਬਣੀਆਂ ਵਸਤਾਂ ਜਾਂ ਤਾਂ Active ਦਵਾਈਆਂ ਹੁੰਦੀ ਹੈ ਜਾਂ ਉਹ (lactose) ਜੋ ਦਵਾਈ ਨਾਲ ਮਿਲੀ ਹੁੰਦੀ ਹੈ ਜਿਸ ਨਾਲ ਦਵਾਈ ਦੀਆਂ ਗੁਣਾਤਮਕਤਾ ਵਧਦੀਆਂ ਹਨ।

DPI's ਮੋਟੇ ਤੌਰ ਤੇ inhale delivery dose ਦੇ ਤੌਰ ਤੇ ਖ਼ਾਸ ਤੌਰ ਤੇ ਯੂਰਪ ਵਿੱਚ ਜਿੱਥੇ ਇਹ ਹੁਣ 40% ਸਾਹ ਦੇ ਮਰੀਜ਼ ਲਈ ਵਰਤੇ ਜਾਂਦੇ ਹਨ।

## ਮੀਟਰਡ ਡੋਜ਼ ਇਹੇਲਰਜ਼ (MDI)

- ਸਾਹ ਦੀਆਂ ਬਿਮਾਰੀਆਂ ਦੇ ਮਰੀਜ਼ਾਂ ਜਿਵੇਂ Asthma and COPD।
- ਇਨ੍ਹਾਂ ਨੂੰ Suspension ਜਾਂ ਘੋਲ਼ ਦੇ ਰੂਪ 'ਚ ਦਿੱਤਾ ਜਾ ਸਕਦਾ ਹੈ।
- ਵਸਤੂ ਦਾ ਆਕਾਰ (Particle Size) ਜੋ ਕਿ 5 Microns ਤੋਂ ਘੱਟ ਹੋਵੇ।
- ਪ੍ਰਬੰਧਕੀ ਗਲਤੀਆਂ ਨੂੰ ਘਟਾਉਣ ਲਈ ਵਰਤਿਆ ਜਾਂਦਾ ਹੈ।
- ਇਸ ਨਾਲ ਮੈਡੀਕਲ ਨਾਪ ਮਾਪਣ ਸਹੀ ਢੰਗ ਨਾਲ ਹੁੰਦਾ ਹੈ।

## Transdermal drug delivery system

ਟਰਾਂਸ ਡਰਮਲ ਡਰੱਗ ਡਲਿਵਰੀ ਸਿਸਟਮ ਦਵਾਈਆਂ ਨੂੰ ਚਮੜੀ ਰਾਹੀਂ ਤਰੀਕੇ ਨਾਲ ਵਹਾਅ ਪਹਿਲਾਂ ਦਿੱਤੀ ਦਰ ਅਨੁਸਾਰ ਦੇਕੇ ਲੰਮੇ ਸਮੇਂ ਤੱਕ ਜਮਾਂ ਕਰ ਲੈਂਦੀਆਂ ਹਨ।

## Advantages of Transdermal drug delivery system

- ਇਹ ਦਰਦ ਤੋਂ ਬਿਨ੍ਹਾਂ ਹਨ ਅਤੇ ਚਿਪਕਦੇ ਨਹੀਂ ਤੇ ਦਵਾਈ ਸਿੱਧੀ ਸਰੀਰ ਵਿੱਚ ਚਲੀ ਜਾਂਦੀ ਹੈ।
- ਇਹ ਲਾਭਦਾਇਕ ਹਨ ਜਿੱਥੇ ਦਵਾਈਆਂ ਮਿਹਦੇ ਵਿੱਚ ਤੇਜ਼ਾਬ ਕਰਕੇ ਰੁਕਦੀਆਂ ਹਨ ਬਹੁਤੀਆਂ ਜਿਗਰ ਕਰਕੇ ਮੰਦੀਆਂ ਪੈ ਜਾਂਦੀਆਂ ਹਨ।



Downloaded from https:// www.studiestoday.com

Downloaded from https:// www.studiestoday.com

☆ ਇਹ ਹੌਲੀ-2 ਦਵਾਈ ਲੰਮੇ ਸਮੇਂ ਤੱਕ ਕਾਬੂ ਰੱਖਣ ਵਿੱਚ ਲਾਭਦਾਇਕ ਹੈ।






## ਅਭਿਆਸ

1. ਇੱਕ ਨੇੜੇ ਦੇ ਹਸਪਤਾਲ ਵਿੱਚ ਜਾਓ ਅਤੇ ਨਵੀਂ ਦਵਾਈ ਭੁਗਤਾਨ ਵਿਵਸਥਾ ਦੀ ਉਦਾਹਰਣ ਨੂੰ ਪਛਾਣੋ ਅਤੇ ਹੇਠ ਲਿਖਿਆ ਟੇਬਲ ਢੁੱਕਵੀਂ ਉਦਾਹਰਣ ਦੇਕੇ ਭਰੋ।

| ਨਵੀਂ ਦਵਾਈ ਭੁਗਤਾਨ ਵਿਵਸਥਾ | ਉਦਾਹਰਣਾਂ |
|---|---|
| ਏਰੋਸੋਲ (Aerosole) | |
| ਨੇਬੂਲਾਈਜ਼ਰ (Nebulizer) | |
| ਯੰਤਰ ਰਾਹੀਂ (ਇੰਨਹੇਲੇਸ਼ਨ) | |
| ਮੀਟਰਡ ਡੋਜ (Metered dose) | |
| ਸਾਹ ਯੰਤਰ ਰਾਹੀਂ-ਇਨਹੇਲੇਸ਼ਨ | |
| Transdermal drugs | |

2. ਹੇਠ ਲਿਖਿਆਂ ਦੀ ਵੰਡ ਨਵੀਂ ਦਵਾਈ ਭੁਗਤਾਨ ਵਿਵਸਥਾ ਸੰਬੰਧੀ।






Downloaded from https:// www.studiestoday.com

Downloaded from https:// www.studiestoday.com

## ਮੁੱਲਾਂਕਣ

(ੳ) ਛੋਟੇ ਉੱਤਰਾਂ ਵਾਲੇ ਪ੍ਰਸ਼ਨ—

1. ਨਵੀਂ ਦਵਾਈ ਭੁਗਤਾਨ ਵਿਵਸਥਾ ਤਰੀਕਾ ਕੀ ਹੈ ?

.............................................................................................................

.............................................................................................................

.............................................................................................................

2. ਨਵੀਂ ਦਵਾਈ ਭੁਗਤਾਨ ਤਰੀਕੇ ਦਾ ਰਵਾਇਤੀ ਦਵਾਈ ਭੁਗਤਾਨ ਤਰੀਕੇ ਨਾਲੋਂ ਕੀ ਲਾਭ ਹੈ ?

.............................................................................................................

.............................................................................................................

.............................................................................................................

3. **G.D.A.** ਦੀ ਨਵੀਂ ਦਵਾਈ ਭੁਗਤਾਨ ਵਿੱਚ ਕੀ ਭੂਮਿਕਾ ਹੈ ?

.............................................................................................................

.............................................................................................................

.............................................................................................................

4. **DPI** ਤੇ **MDI** ਕੀ ਹਨ ?

.............................................................................................................

.............................................................................................................

.............................................................................................................

5. **Transdermal** ਦਵਾਈ ਵਿਵਸਥਾ ਕੀ ਹੈ ? ਇਸਦੇ ਲਾਭ ਲਿਖੋ।

.............................................................................................................

.............................................................................................................

.............................................................................................................

## ਮੁੱਲਾਂਕਣ ਕਿਰਿਆ ਸੰਬੰਧੀ ਚੈੱਕ ਲਿਸਟ

ਹੇਠ ਲਿਖੀ ਚੈੱਕ ਲਿਸਟ ਦੀ ਵਰਤੋਂ ਕਰੋ ਇਹ ਦੇਖਣ ਲਈ ਕਿ ਜੇਕਰ ਤੁਸੀਂ ਮੁੱਲਾਂਕਣ ਕ੍ਰਿਆ ਸੰਬੰਧੀ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ।



Downloaded from https:// www.studiestoday.com

Downloaded from https:// www.studiestoday.com

### ਭਾਗ-ੳ

#### ਹੇਠ ਲਿਖਿਆਂ ਵਿੱਚ ਫਰਕ ਪਤਾ ਕੀਤਾ।

1. ਸੁੱਕਾ ਪਾਊਡਰ ਸਾਹ ਜੰਤਰ ਅਤੇ Metered Dose Inhalation.
2. Aerosols ਅਤੇ Transdermal ਵਿਵਸਥਾ।

### ਭਾਗ-ਅ

#### ਸ਼੍ਰੇਣੀ ਵਿੱਚ ਹੇਠ ਲਿਖਿਆਂ ਦੀ ਚਰਚਾ ਕੀਤੀ।

1. ਨਵੀਂ ਦਵਾਈ ਭੁਗਤਾਨ ਵਿਵਸਥਾ ਦੀ ਵੰਡ ਦੇ ਲਾਭ।
2. G.D.A. ਦੀ ਨਵੀਂ ਦਵਾਈ ਭੁਗਤਾਨ ਵਿਵਸਥਾ ਵਿੱਚ ਭੂਮਿਕਾ।

### ਭਾਗ-ੲ

#### ਪ੍ਰਦਰਸ਼ਨ ਪੱਧਰ

ਪ੍ਰਦਰਸ਼ਨ ਪੱਧਰ ਵਿੱਚ ਸ਼ਾਮਲ ਹੈ ਪਰ ਹੱਦ ਨਹੀਂ

| ਪ੍ਰਦਰਸ਼ਨ ਪੱਧਰ (Performance Standard) | ਹਾਂ | ਨਾਂ |
|---|---|---|
| ਵੱਖ-2 ਤਰ੍ਹਾਂ ਦੀਆਂ ਦਵਾਈਆਂ ਜੋ ਨਵੀਂ ਵਿਵਸਥਾ ਨਾਲ ਦਿੱਤੀਆਂ ਜਾਂਦੀਆਂ ਹਨ ਦੀ ਪਛਾਣ ਕਰੋ | | |
| ਨਵੀਂ ਦਵਾਈ ਵਿਵਸਥਾ ਦੀ ਸ਼੍ਰੇਣੀ ਵੰਡ ਕਰੋ | | |
| ਗਿਆਨ ਤੇ ਲਾਭ ਜੋ ਨਵੀਂ ਦਵਾਈ ਭੁਗਤਾਨ ਵਿਵਸਥਾ ਵਿੱਚ ਹਨ | | |
| ਪੁਰਾਣੀਆਂ ਦਵਾਈ ਭੁਗਤਾਨ ਵਿੱਚ ਨਹੀਂ ਹਨ ਦਾ ਪ੍ਰਦਰਸ਼ਨ ਕਰੋ | | |

—0—



Downloaded from https:// www.studiestoday.com

Downloaded from https:// www.studiestoday.com

# ਸੈਸ਼ਨ-6 : ਕਾਬੂ ਅਧੀਨ ਦਵਾਈ ਭੁਗਤਾਨ ਵਿਵਸਥਾ

ਇਸ ਸੈਸ਼ਨ ਵਿੱਚ ਕਾਬੂ ਅਧੀਨ ਦਵਾਈ ਭੁਗਤਾਨ ਵਿਵਸਥਾ ਦੀ ਵੰਡ ਬਾਰੇ ਢੰਗ ਤਰੀਕੇ ਸਿੱਖੋ।

## ਸੰਬੰਧਿਤ ਗਿਆਨ

ਸਮਾਂਬੱਧ ਤਕਨੀਕ (ਜਿਸ ਨੂੰ SR, SA, ER, TR, CR, MR ਅਤੇ CR (Continuous release) ਦੇ ਨਾਲ ਵੀ ਜਾਣਿਆ ਜਾਂਦਾ ਹੈ) ਅਜਿਹਾ ਤਰੀਕਾ ਹੈ ਜੋ ਕਿ ਗੋਲੀਆਂ ਕੈਪਸੂਲਾਂ ਲਈ ਵਰਤਿਆ ਜਾਂਦਾ ਹੈ ਤਾਂ ਕਿ ਦਵਾਈ ਦਾ ਭੁਗਤਾਨ ਸਮੇਂ ਅਨੁਸਾਰ ਹੋ ਸਕੇ ਤੇ ਹੌਲੀ-2 ਇਹ ਦਵਾਈ ਧਮਨੀਆਂ 'ਚ ਵਹਿੰਦੇ ਖ਼ੂਨ ਵਿੱਚ ਰਲ ਜਾਵੇ। ਇਹ ਦਵਾਈ ਥੋੜੀ-2 ਦੇਰ ਮਗਰੋਂ ਲੈਣ ਦਾ ਲਾਭ ਲਿਆ ਜਾਵੇ ਨਾ ਕਿ ਅਜਿਹੀ ਦਵਾਈ ਦੀਆਂ ਰਿਵਾਇਤੀ ਬਣਤਰਾਂ ਤੇ ਆਸ਼ਰਿਤ ਨਾ ਹੋਇਆ ਜਾਵੇ। ਅੱਜਕਲ ਬਹੁਤ ਸਾਰੀਆਂ ਸਮਾਂ ਬੱਧ ਦਵਾਈਆਂ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਤਾਂ ਕਿ ਤਿੱਖੇ ਤੱਤ ਕੁੱਖ ਵਿੱਚ ਨਾ ਘੁਲਣਯੋਗ ਅਵਸਥਾ ਵਿੱਚ ਰਲ ਜਾਣ। ਇਸ ਤਰ੍ਹਾਂ ਘੁਲਣਵਾਲੀ ਦਵਾਈ ਕੁੱਖ ਵਿੱਚ ਛੇਕਾਂ ਰਾਹੀਂ ਰਾਹ ਬਣਾ ਲਵੇ। ਕੁਝ ਦਵਾਈਆਂ ਜੋ ਕਿ Polymers ਤੇ ਅਧਾਰਿਤ ਜੁੜੀਆਂ ਹੁੰਦੀਆਂ ਹਨ ਜਿਹਨਾਂ ਵਿੱਚ ਇਕ ਪਾਸੇ ਛੇਕ ਕੀਤਾ ਹੰਦਾ ਹੈ ਤੇ ਦੂਜੇ ਪਾਸੇ Porus ਪਾਸਾ ਹੁੰਦਾ ਹੈ। ਮਿਹਦੇ ਦੇ ਤੇਜ਼ਾਬ ਵਾਲੀ ਥਾਂ ਤੋਂ ਦਵਾਈ ਨੂੰ ਧੱਕ ਕੇ ਲੇਜ਼ਰ ਨਾਲ ਕੀਤੇ ਛੇਕ ਵਿੱਚ ਅੱਗੇ ਧੱਕ ਦਿੰਦੀਆਂ ਹਨ। ਸਮੇਂ ਸਿਰ ਸਾਰੀ ਦਵਾਈ (ਵਿਵਸਥਾ) System (ਸਥਾਨ) ਵਿੱਚ ਚਲੀ ਜਾਂਦੀ ਹੈ। ਜਦੋਂਕਿ ਪੌਲੀਵੇਅਰ ਕੰਟੇਨਰ ਉਸੇ ਤਰ੍ਹਾਂ ਰਹਿੰਦਾ ਹੈ ਅਤੇ ਬਾਅਦ ਵਿੱਚ ਹਜ਼ਮ ਹੋ ਬਾਹਰ ਨਿਕਲ ਜਾਂਦਾ ਹੈ। ਕੁੱਝ SR ਬਣਤਰਾਂ ਵਿੱਚ ਦਵਾਈ ਕੁੱਖ ਵਿੱਚ ਘੁੱਲਦੀ ਹੈ ਅਤੇ ਕੁੱਖ ਦੇਖਣ ਨੂੰ ਫੁਲਦੀ ਹੈ ਅਤੇ ਜੈੱਲ ਬਣ ਜਾਂਦਾ ਹੈ। ਦਵਾਈ ਨੂੰ ਜੈੱਲ ਦੇ ਬਾਹਰਲੇ ਤਲ ਤੇ ਨਿਕਲਣ ਦਾ ਰਸਤਾ ਬਣ ਜਾਂਦਾ ਹੈ।

### ਮੁਕਤੀ ਦੀ ਬਣਤਰ ਦੇ ਆਧਾਰ ਤੇ ਨਿਯੰਤਰਿਤ ਦਵਾਈ ਭੁਗਤਾਨ ਵਿਵਸਥਾ ਦਾ ਵਰਗੀਕਰਨ—

ਨਿਯੰਤਰਿਤ ਦਵਾਈ ਮੁਕਤੀ ਨੂੰ ਪ੍ਰਾਪਤ ਕੀਤਾ ਗਿਆ ਹੈ ਹੇਠ ਲਿਖੀਆਂ ਦਵਾਈ ਭੁਗਤਾਨ ਵਿਵਸਥਾਵਾਂ ਰਾਹੀਂ, ਜੋ ਕਿ ਨਿਯੰਤਰਿਤ ਹਨ—

1. **ਪਸਰਨਾ (difusion)**
   - (ੳ) ਕੁੱਖ (Matrix)
   - (ਅ) ਤਰਲ ਭੰਡਾਰ (Reserviour)
2. **Dissolution ਘੁੱਲਣਾ**
   - (ੳ) ਕੁੱਖ (Matrix)
   - (ਅ) Encapsulation
3. **ਘੁਲਣ ਤੇ ਪਸਰਨ ਦਾ ਮੇਲ (Combination of difusion and dossolution)**
4. **ਪਰਾਸਰਣੀ ਦਬਾ ਨਿਯੰਤਰਿਤ ਵਿਵਸਥਾ (Osmotic Pressure Control System)**



Downloaded from https:// www.studiestoday.com

Downloaded from https:// www.studiestoday.com

## Diffusion Control Release DDS

- ਪਸਰਨ ਪ੍ਰਕ੍ਰਿਆ ਵਿੱਚ ਦਵਾਈ ਦੇ ਮੌਲੀਕਿਉਲਾਂ (Molecules) ਦੀ ਹਿਲਜੁਲ ਬਹੁਤੇ ਉੱਚੇ ਇਕੱਠ ਤੋਂ ਨੀਵੇਂ ਇਕੱਠ ਵੱਲ ਪਰਦੇ (ਝਿੱਲੀ) ਤੇ ਦਿਸਦੀ ਹੈ।
- ਆਮ ਤੌਰ ਤੇ ਜਦੋਂ ਪਾਣੀ ਵਿੱਚ ਨਾ ਘੁਲਣਯੋਗ ਝਿਲੀ ਦਵਾਈ ਦੇ ਸਿਰੇ ਨਾਲ ਜੁੜਦੀ ਹੈ, ਇਸ ਨੂੰ ਪਰਦੇ (ਝਿੱਲੀ) ਰਾਹੀਂ ਪਸਰਨਾ ਚਾਹੀਦਾ ਹੈ।

### ਤਰਲ ਭੰਡਾਰ ਵਿਵਸਥਾ

- ਇਸ ਨੂੰ ਲੈਮੀਨੇਟਡ ਜਾਂ ਤਹਿਦਾਰ ਕੁੱਖ ਵਿਉਂਤ ਕਹਿੰਦੇ ਹਨ।
- ਇਸ ਵਿਵਸਥਾ ਵਿੱਚ ਇਕ ਪਾਣੀ ਅਘੁਲਣਸ਼ੀਲ ਬਹੁਲਕੀ ਵਸਤ ਦਵਾਈ ਦੀ ਮੁੱਖ ਵਿਵਸਥਾ ਨੂੰ ਢੱਕਦੀ ਹੈ। ਦਵਾਈ ਪਰਦੇ ਤੇ ਵੰਡ ਜਾਵੇਗੀ ਅਤੇ ਗੋਲੀ ਦੇ ਤਰਲ ਵਿੱਚ ਬਦਲ ਜਾਵੇਗੀ।
- ਵਾਧੂ ਦਵਾਈ ਬਹੁਲਕੀ ਵਿੱਚ ਦਾਖਲ ਹੋ ਜਾਵੇਗੀ, ਬਾਹਰ ਦੀ ਟੀਸੀ ਦੁਆਲੇ ਪਸਰ ਜਾਵੇਗੀ ਅਤੇ ਆਲੇ ਦੁਆਲੇ ਨੂੰ ਘੇਰ ਲਵੇਗੀ।
- ਦਵਾਈ, ਜਿਸ ਨੇ ਬਹੁਲਕੀ ਪਰਦੇ ਨੂੰ ਘੇਰਿਆ ਹੋਇਆ ਹੈ, ਜੋ ਕਿ ਵਹਾਅ ਦਰ ਨੂੰ ਕਾਬੂ ਰੱਖਦੀ ਹੈ।

## Dissolution Control Reselase DDS

- ਇਹ ਵਿਵਸਥਾਵਾਂ ਆਮ ਤੌਰ ਤੇ ਅੰਤੜੀਆਂ ਸੰਬੰਧੀ ਦਵਾਈਆਂ ਦੀਆਂ ਵਿਵਸਥਾਵਾਂ ਵਿੱਚ ਵਰਤੀਆਂ ਜਾਂਦੀਆਂ ਹਨ। ਦਵਾਈ ਖ਼ੁਰਾਕਾਂ ਵਿੱਚ ਵਰਤੀ ਜਾਂਦੀ ਹੈ।
- ਮਿਹਦੇ ਨੂੰ ਦਵਾਈ ਦੇ ਪ੍ਰਭਾਵ ਤੋਂ ਬਚਾਉਣ ਲਈ ਜਿਵੇਂ ਐਸਪਰੀਨ, ਉਤੇ ਇਕ ਲੇਪ ਲਾਇਆ ਜਾਂਦਾ ਹੈ ਜਿਹੜਾ ਕਿ alkaline ਦੇ ਰੂਪ ਵਿੱਚ ਹੁੰਦਾ ਹੈ।
- ਇਹ ਦਵਾਈ ਨੂੰ ਯੰਤਰ ਚੋਂ ਜਾਣ ਤੋਂ ਰੋਕਦੀ ਹੈ ਜਦੋਂ ਤਕ ਇਹ ਅੰਤੜੀ ਦੀ ਪੂਰੀ ਉਚਾਈ ਤੇ ਨਹੀਂ ਪਹੁੰਚਦੀ।
- ਇਹ ਯੰਤਰ 'ਚੋਂ ਦਵਾਈ ਨੂੰ ਬਾਹਰ ਜਾਣੋ ਰੋਕਦੀ ਹੈ ਨਹੀਂ ਤਾਂ ਦਵਾਈ ਅੰਤੜੀਆਂ ਦਾ ਉੱਚੇ ਸਿਰੇ ਤੇ ਪੁੱਜ ਜਾਵੇਗੀ।

## Matrix Type

- ਇਸ ਨੂੰ ਅਖੰਡ ਘੁਲਣਸ਼ੀਲ ਨਿਯੰਤਰਿਤ ਸਿਸਟਮ ਵੀ ਕਿਹਾ ਜਾਂਦਾ ਹੈ।
- ਇਹ ਜਾਂ ਤਾਂ ਦਵਾਈ ਸੰਸ਼ੇਚਨ ਖੇਤਰ ਹੋ ਸਕਦਾ ਹੈ ਜਾਂ ਗੋਲੀ ਜਿਹੜੀ ਕਿ ਹੌਲੀ-2 ਖੁਰੇਗੀ।
- **ਘੁਲਣਸ਼ੀਲਤਾ ਨੂੰ ਹੇਠ ਲਿਖੇ ਢੰਗਾਂ ਨਾਲ ਕਾਬੂ ਕੀਤਾ ਜਾਂਦਾ ਹੈ—**

  (ੳ) ਗੋਲੀ ਦੀ ਮੁਸਾਮਦਾਰੀ ਬਦਲ ਕੇ

  (ਅ) ਹੌਲੀ-2 ਘੋਲ ਕੇ।
- ਦਵਾਈ ਦੇਣਾ ਬਹੁਲਕ ਦਰ ਤੇ ਨਿਰਭਰ ਕਰਦਾ ਹੈ।



Downloaded from https:// www.studiestoday.com

Downloaded from https:// www.studiestoday.com

### Encapsulation/Reservoir Type

- ਇਸ ਨੂੰ ਘੁਲਣਸ਼ੀਲ ਪਰਤ ਕਾਬੂ ਵਿਵਸਥਾ ਕਹਿੰਦੇ ਹਨ।
- ਦਵਾਈ ਤੇ ਗਾੜ੍ਹਾ ਲੇਪ ਚੜਾਇਆ ਜਾਂਦਾ ਹੈ ਜੋ ਹੌਲੀ-2 ਅੰਤੜੀਆਂ ਦੇ ਹਿੱਸੇ ਵਿੱਚ ਘੁਲ ਜਾਂਦਾ ਹੈ।
- ਇਕ ਬਦਲਵਾਂ ਤਰੀਕਾ ਜਿਸ ਵਿੱਚ ਦਵਾਈ ਨੂੰ ਮਣਕਿਆਂ ਦੀ ਤਰ੍ਹਾਂ ਗਾੜ੍ਹਾ ਲੇਪ ਚੜਾਉਣ ਉਪਰੰਤ ਦਿੱਤਾ ਜਾਂਦਾ ਹੈ ਕਿਉਂਕਿ ਮਣਕਿਆਂ ਵਿੱਚ ਵੱਖ-2 ਗਾਹੜੀਆਂ ਪਰਤਾਂ ਹੁੰਦੀਆਂ ਹਨ, ਇਸ ਲਈ ਹੌਲੀ-2 ਅੰਦਰ ਸਮਾਉਂਦੇ ਹਨ।

### Osmotic Pressure Control System

ਅੱਧੀ (ਪਾਰਗਾਮੀ) ਝਿੱਲੀ ਇਕ ਗੋਲੀ ਦੁਆਲੇ ਰੱਖੀ ਜਾਂਦੀ ਹੈ, ਕੋਈ ਵਸਤ ਜਾਂ ਦਵਾਈ ਘੋਲ੍ਹ ਜੋ ਦਵਾਈ ਨੂੰ ਗੋਲੀ ਵੱਲ ਧੱਕਦਾ ਹੈ ਅਤੇ ਬਾਅਦ ਵਿੱਚ ਦਵਾਈ ਦੇ ਘੋਲ ਨੂੰ ਇਕ ਛੋਟੇ ਜਿਹੀ ਦਵਾਈ ਦੀ ਪਰਤ ਰਾਹੀਂ ਬਾਹਰ ਕੱਢ ਦਿੰਦਾ ਹੈ।

**ਦੋ ਤਰ੍ਹਾਂ ਦੀਆਂ ਪਾਰਗਾਮੀ ਵਿਵਸਥਾਵਾਂ ਹਨ—**

(ੳ) ਇਸ ਵਿੱਚ ਪਾਰਗਾਮੀ ਦਵਾਈ ਦਾ ਨਿਚੋੜ ਹੁੰਦਾ ਹੈ।

(ਅ) ਇਸ ਵਿੱਚ ਦਵਾਈ ਇਕ ਲਚਕਦਾਰ ਥੈਲੇ 'ਚ ਹੁੰਦੀ ਹੈ ਜਿਸ ਵਿੱਚ ਪਾਰਗਾਮੀ ਘੇਰੇ ਦਾ ਨਿਚੋੜ ਹੁੰਦਾ ਹੈ।

## ਅਭਿਆਸ

1. ਨਜ਼ਦੀਕ ਪੈਂਦੇ ਹਸਪਤਾਲ ਦੇ ਨਿਰੀਖਣ ਲਈ ਜਾਓ ਅਤੇ ਦਵਾਈ ਰਿਹਾ ਕਰਨ ਸੰਬੰਧੀ ਨਿਯੰਤਰਤ ਭੁਗਤਾਨ ਵਿਵਸਥਾ ਦੀ ਪਛਾਣ ਕਰੋ। ਨਿਰੀਖਣ ਦੀ ਇੱਕ ਰਿਪੋਰਟ ਤਿਆਰ ਕਰੋ।

## ਮੁੱਲਾਂਕਣ

**(ੳ) ਛੋਟੇ ਉੱਤਰਾਂ ਵਾਲੇ ਪ੍ਰਸ਼ਨ—**

1. **ਉਹ ਢੰਗ ਤਰੀਕਾ ਦੱਸੋ ਜੋ ਦਵਾਈ ਭੁਗਤਾਨ ਵਿਵਸਥਾ ਨੂੰ ਕਾਬੂ ਸਮੇਂ ਤੇ ਮਿਣਤੀ ਲਈ ਵਰਤਿਆ ਜਾਂਦਾ ਹੈ।**

   ..........................................................................................

   ..........................................................................................

   ..........................................................................................

2. **ਨਿਯੰਤਰਤ ਦਵਾਈ ਵਿਵਸਥਾ ਦੀ ਸ਼੍ਰੇਣੀ ਵੰਡ ਕਰੋ ਜੋ ਕਿ ਰਿਹਾ ਸੰਬੰਧੀ ਢੰਗ ਤਰੀਕੇ ਤੇ ਅਧਾਰਤ ਹੋਵੇ।**

   ..........................................................................................

   ..........................................................................................

   ..........................................................................................



Downloaded from https:// www.studiestoday.com

Downloaded from https:// www.studiestoday.com

3. **ਪਰਾਸਰਨੀ ਦਬਾਅ ਨਿਯੰਤਰ ਵਿਵਸਥਾ ਕੀ ਹੈ ?**

........................................................................................................

........................................................................................................

........................................................................................................

## ਮੁੱਲਾਂਕਣ ਸੰਬੰਧੀ ਚੈੱਕਲਿਸਟ

ਹੇਠ ਲਿਖੀ ਚੈੱਕਲਿਸਟ ਦੀ ਵਰਤੋਂ ਕਰੋ, ਇਹ ਦੇਖਣ ਲਈ ਕਿ ਕੀ ਤੁਸੀਂ ਸਾਰੀਆਂ ਮੁੱਲਾਂਕਣ ਕਿਰਿਆਵਾਂ/ਲੋੜਾਂ ਪੂਰੀਆਂ ਕਰ ਲਈਆਂ ਹਨ।

**ਭਾਗ-ੳ (Part-A)**

ਹੇਠ ਲਿਖਿਆਂ ਵਿੱਚ ਫਰਕ ਪਤਾ ਕੀਤਾ।

1. ਪਸਰਨਾ/ਘੁਲਣਸ਼ੀਲਤਾ ਨਿਯੰਤਰਤ (D.D.S.) ਡੀ.ਡੀ.ਐੱਸ।
2. ਕੁੱਖ (Matrix) ਤੇ ਤਰਲ ਭੰਡਾਰ ਨਿਯੰਤਰਤ (D.D.S.) ਡੀ.ਡੀ.ਐੱਸ।
3. (ੳ) A ਤਰ੍ਹਾਂ ਅਤੇ (ਅ) B ਪਰਾਸਰਨੀ ਦਬਾਅ ਨਿਯੰਤਰਤ ਵਿਵਸਥਾ।

**ਭਾਗ-ਅ (Part-B)**

ਸ਼੍ਰੇਣੀ ਵਿੱਚ ਹੇਠ ਲਿਖਿਆਂ ਬਾਰੇ ਚਰਚਾ ਕੀਤੀ :—

1. ਦਵਾਈ ਭੁਗਤਾਨ ਵਿਵਸਥਾ (ਨਿਯੰਤਰਤ) ਦੀ ਸ਼੍ਰੇਣੀ ਵੰਡ ਕਰੋ।
2. ਇੱਕ DDA ਦਾ ਨਿਯੰਤਰਨ (DDS) ਡੀ.ਡੀ.ਐੱਸ।

**ਭਾਗ-ੲ (Part-C)**

ਪ੍ਰਦਰਸ਼ਨ ਪੱਧਰ (Performance)

ਇਸ ਵਿੱਚ ਸ਼ਾਮਲ ਹੋ ਸਕਦੇ ਹਨ ਪਰ ਹੱਦ ਨਹੀਂ

| ਪ੍ਰਦਰਸ਼ਨ ਪੱਧਰ (Performance Standard) | ਹਾਂ | ਨਾਂ |
|---|---|---|
| ਨਿਯੰਤਰਤ ਦਵਾਈ ਭੁਗਤਾਨ ਵਿਵਸਥਾ ਦੀ ਵਿੱਚ ਆਮ ਦਵਾਈ ਵਰਤਣ ਦੀ ਪਛਾਣ ਕਰੋ। | | |
| ਨਿਯੰਤਰਤ ਦਵਾਈ ਭੁਗਤਾਨ ਸੰਬੰਧੀ ਵਿਵਸਥਾ ਸੰਬੰਧ ਗਿਆਨ ਦਾ ਪ੍ਰਦਰਸ਼ਨ ਕਰੋ। | | |
| ਨਿਯੰਤਰਤ ਦਵਾਈ ਰਿਹਾ ਸੰਬੰਧੀ ਮਰੀਜ਼ ਨੂੰ ਦੇਣੀ। | | |

—0—



Downloaded from https:// www.studiestoday.com

Downloaded from https:// www.studiestoday.com



Downloaded from https:// www.studiestoday.com

Downloaded from https:// www.studiestoday.com

# ਸਿਹਤ ਸੰਭਾਲ (HEALTH CARE)

## ਐੱਨ.ਐੱਸ.ਕਿਉ.ਐੱਫ. ਪੱਧਰ-3 (ਗਿਆਰ੍ਹਵੀਂ ਜਮਾਤ)

## ਐੱਚ.ਐੱਸ.ਐੱਸ. 303-ਐੱਨ.ਕਿਉ. 2014 :

## MICROBIOLOGY, STERILIZATION & DISINFECTION II

## ਵਿਦਿਆਰਥੀ ਕਾਰਜ-ਪੁਸਤਕ






NCERT
PSSCIVE,Bhopal

ਪੀ.ਐਸ.ਐਸ. ਕੇਂਦਰੀ ਕਿੱਤਾ ਸਿੱਖਿਆ ਸੰਸਥਾਨ, ਸ਼ਿਆਮਲਾ ਹਿਲਜ਼, ਭੋਪਾਲ
P.S.S. Central Institute of Vocational Education, Shiyamla Hills, Bhopal.

Downloaded from https:// www.studiestoday.com

Downloaded from https:// www.studiestoday.com

© ਪੀ.ਐੱਸ.ਐੱਸ. ਕੇਂਦਰੀ ਸਿੱਖਿਆ ਸੰਸਥਾ, 2014

ਇਹ ਪ੍ਰਕਾਸ਼ਨ ਕਾਪੀ ਰਾਈਟ ਅਧੀਨ ਸੁਰੱਖਿਅਤ ਹੈ। ਕਾਪੀ ਰਾਈਟ ਤਹਿਤ ਮਨਜ਼ੂਰ ਕੀਤੇ ਉਦੇਸ਼ਾਂ ਤੋਂ ਇਲਾਵਾ, ਅਗਾਊਂ ਲਿਖਤੀ ਆਗਿਆ ਪ੍ਰਾਪਤ ਕੀਤੇ ਬਿਨਾ, ਇਸ ਪ੍ਰਕਾਸ਼ਨ ਦੀ ਪੁਨਰ-ਰਚਨਾ, ਰੂਪਾਂਤਰ, ਇਲੈਕਟ੍ਰੋਨਿਕਸ ਸੰਗ੍ਰਹਿ ਅਤੇ ਜਨਤਾ ਲਈ ਸੰਚਾਰ ਮਨ੍ਹਾ ਹੈ।



Downloaded from https:// www.studiestoday.com

Downloaded from https:// www.studiestoday.com

# ਵਿਦਿਆਰਥੀ ਦੇ ਵੇਰਵੇ

ਵਿਦਿਆਰਥੀ ਦਾ ਨਾਮ : ..........................................................

ਵਿਦਿਆਰਥੀ ਦਾ ਰੋਲ ਨੰਬਰ : ....................................................

ਬੈਚ ਸ਼ੁਰੂ ਹੋਣ ਦੀ ਮਿਤੀ : ......................................................



Downloaded from https:// www.studiestoday.com

Downloaded from https:// www.studiestoday.com


# ਧੰਨਵਾਦ

ਅਸੀਂ ਪੂਰੀ ਸੁਹਿਰਦਤਾ ਨਾਲ ਧੰਨਵਾਦੀ ਹਾਂ ਸ੍ਰੀ ਭੱਟਾਚਾਰੀਆ, ਆਈ.ਏ.ਐਸ. (ਭਾਰਤੀ ਪ੍ਰਬੰਧਕੀ ਸੇਵਾ) ਸਕੱਤਰ (ਐੱਸ.ਈ.) ਮਨੁੱਖੀ ਸਾਧਨ ਮੰਤਰਾਲਾ ਭਾਰਤ ਸਰਕਾਰ ਦੇ, ਸ੍ਰੀਮਤੀ ਰਾਧਾ ਚੌਹਾਨ, ਆਈ.ਏ.ਐੱਸ. (ਭਾਰਤੀ ਪ੍ਰਬੰਧਕੀ ਸੇਵਾ) ਸੰਯੁਕਤ ਸਕੱਤਰ (ਐੱਸ.ਈ.) ਸਕੂਲ ਸਿੱਖਿਆ ਅਤੇ ਅੱਖਰ ਬੋਧ, ਮਨੁੱਖੀ ਸਾਧਨ ਮੰਤਰਾਲਾ ਦੇ, ਸ੍ਰੀਮਤੀ ਅੰਕਿਤਾ ਮਿਸ਼ਰਾ ਬੁੰਦੇਲਾ, ਆਈ.ਏ.ਐੱਸ. ਉਪ ਸਕੱਤਰ (ਵੀ.ਈ.) ਸਕੂਲ ਸਿੱਖਿਆ ਤੇ ਅੱਖਰ ਬੋਧ, ਦੀ ਅਗਵਾਈ ਤੇ ਸਹਾਇਤਾ ਦੇ। ਅਸੀਂ ਇਸ ਮੌਕੇ ਤੇ ਮਨੁੱਖੀ ਸਾਧਨ ਮੰਤਰਾਲੇ ਵੱਲੋਂ ਇਸ ਪ੍ਰੋਜੈਕਟ ਵਿਚ ਜੋ ਪਾਠਕ੍ਰਮ ਤੇ ਕੋਰਸ ਜਿਹੜੇ ਕੌਮੀ ਹੁਨਰ ਯੋਗਤਾਵਾਂ ਅਧੀਨ ਚੱਲ ਰਹੇ ਹਨ, ਵੱਲੋਂ ਦਿੱਤੀ ਸਹਾਇਤਾ ਲਈ ਵੀ ਧੰਨਵਾਦੀ ਹਾਂ। ਅਸੀਂ ਧੰਨਵਾਦੀ ਹਾਂ ਪ੍ਰੋਫੈਸਰ ਪ੍ਰਵੀਨ ਸਿਨਕਲੇਅਰ, ਨਿਰਦੇਸ਼ਕ, ਕੌਮੀ ਕੌਂਸਲ ਸਿੱਖਿਆ ਖੋਜ ਅਤੇ ਟਰੇਨਿੰਗ (NCERT) ਅਤੇ ਪ੍ਰੋਫੈਸਰ ਆਰ.ਬੀ. ਸ਼ਿਵਾਗੁੰਡੇ, ਸੰਯੁਕਤ ਸਕੱਤਰ ਪੀ.ਐਸ.ਐਸ. ਕੌਮੀ ਸੰਸਥਾ, ਕਿੱਤਾ ਸਿਖਲਾਈ ਵੱਲੋਂ ਦਿੱਤੀ ਯੋਗ ਅਗਵਾਈ ਲਈ।

ਕੋਰਸਾਂ ਦੇ ਚਲਾਉਣ ਵਿਚ ਸਿਹਤ ਸੰਭਾਲ ਦੇ ਖੇਤਰ ਵਿਚ ਮਾਹਿਰਾਂ ਦੇ ਤੌਰ ਤੇ ਪਾਏ ਯੋਗਦਾਨ ਲਈ ਸ੍ਰੀ ਐਸ.ਕੇ.ਮਿਸ਼ਰਾ, ਸ੍ਰੀ ਸਤੀਸ਼, ਸੀ ਪਾਂਡੇ, ਐਮ.ਪੀ.ਕੋਨ ਲਿਮਟਿਡ (MPCON Ltd.), ਭੋਪਾਲ ਸ੍ਰੋਤ ਵਿਅਕਤੀ, ਡਾ. ਸੁਖਵੰਤ ਸਿੰਘ, ਡਾ. ਜਤਿੰਦਰਾ ਬਨਵੀਰ, ਡਾ. ਰਿਚਾ ਮਿਸ਼ਰਾ, ਡਾ. ਰਤਨ ਲਾਲ ਪਟੀਦਾਰ, ਡਾ. ਸੰਧਿਆ ਸਿੰਘ, ਡਾ. ਆਸ਼ੀਸ਼ ਅਚਾਰੀਆ, ਸ੍ਰੀ ਅਸ਼ੋਕਪਾਲ, ਕੁਮਾਰੀ ਪ੍ਰਿਅੰਕਾ ਅਚਾਰੀਆ ਅਤੇ ਕੁਮਾਰੀ ਰਸ਼ਮੀ ਮਿਸ਼ਰਾ ਵੱਲੋਂ ਸਿਹਤ ਸੰਭਾਲ 'ਚ ਪਾਏ ਯੋਗਦਾਨ ਨੂੰ ਅਸੀਂ ਮਾਨਤਾ ਦਿੰਦੇ ਹਾਂ।

ਪਾਠਕ੍ਰਮ ਦੇ ਪਸਾਰ, ਵਿਦਿਆਰਥੀ ਵਰਕ ਬੁੱਕ ਅਤੇ ਅਧਿਆਪਕਾਂ ਹੱਥ ਕਿਤਾਬਾਂ ਦੇ ਤਾਲਮੇਲ ਲਈ ਡਾ. ਵਿਨੈ ਸਵਰੂਪ ਮਹਿਰੋਤਰਾ, ਪ੍ਰੋਫੈਸਰ ਤੇ ਮੁੱਖੀ ਪਾਠਕ੍ਰਮ ਪਸਾਰ ਅਤੇ ਮੁਲਾਂਕਣ ਕੇਂਦਰ (CDEC) ਤੇ ਕੌਮੀ ਹੁਨਰ ਯੋਗਤਾ (NSQF Cell) (PSSCIVE) ਸੈੱਲ, ਭੋਪਾਲ ਦੇ ਵੀ ਧੰਨਵਾਦੀ ਹਾਂ।




Downloaded from https:// www.studiestoday.com

Downloaded from https:// www.studiestoday.com

## ਵਿਸ਼ਾ ਵਸਤੂ ਸੂਚੀ


| | |
|---|---|
| ਧੰਨਵਾਦ | 76 |
| ਭੂਮਿਕਾ | 78 |
| ਤੁਹਾਡੀ ਕਾਰਜ-ਪੁਸਤਕ ਬਾਰੇ | 79 |
| ਸੈਸ਼ਨ 1 : ਰੋਗਾਣੂ ਨਾਸ਼ਕ ਵਸਤਾਂ ਬਾਰੇ ਜਾਣਕਾਰੀ | 80 |
| ਸੈਸ਼ਨ 2 : ਵਸਤਾਂ ਦੀ ਸੰਭਾਲ | 85 |
| ਸੈਸਨ 3 : ਰੋਗਾਣੂ ਮੁਕਤ ਵਾਰਡ | 97 |
| ਸੈਸ਼ਨ 4 : ਚੀਰ ਫਾੜ ਦਾ ਵਿਸ਼-ਅਣੂ ਰਹਿਤ ਢੰਗ | 103 |
| ਸੈਸ਼ਨ 5 : ਅਪਰੇਸ਼ਨ ਥੀਏਟਰ ਨੂੰ ਰੋਗਾਣੂ-ਮੁਕਤ ਕਰਨਾ | 108 |
| ਸੈਸ਼ਨ 6 : ਚੀਰ ਫਾੜ ਪੱਟੀ | 118 |




Downloaded from https:// www.studiestoday.com

Downloaded from https:// www.studiestoday.com

# ਭੂਮਿਕਾ

ਕੌਮੀ ਪਾਠਕ੍ਰਮ ਢਾਂਚਾ 2005 ਦੀ ਸਿਫਾਰਸ਼ ਅਨੁਸਾਰ ਬੱਚਿਆਂ ਦੇ ਸਕੂਲ ਦਾ ਜੀਵਨ, ਉਹਨਾਂ ਦੇ ਸਕੂਲੋਂ ਬਾਹਰ ਦੇ ਜੀਵਨ ਨਾਲ ਜੁੜਨਾ ਚਾਹੀਦਾ ਹੈ। ਇਹ ਸਿਧਾਂਤ ਜੋ ਹੁਣ ਚਾਲੂ ਹੋਇਆ ਹੈ, ਪਹਿਲੇ ਚਾਲੂ ਕਿਤਾਬੀ ਸਿੱਖਿਆ ਢਾਂਚੇ ਨੂੰ ਦਿਸ਼ਾ ਦੇ ਰਿਹਾ ਹੈ, ਜਿਸ ਨਾਲ ਸਕੂਲ, ਘਰ, ਸਮਾਜ ਤੇ ਕੰਮ ਕਰਨ ਵਾਲੀ ਥਾਂ ਵਿਚ ਪਾੜਾ ਪੈ ਰਿਹਾ ਹੈ।

ਵਿਦਿਆਰਥੀ ਦਾ ਕਾਰਜ ਪੁਸਤਕ ਜੋ ਕਿ **"MICROBIOLOGY, STERILIZATION & DISINFECTION II"** ਯੋਗਤਾ ਸਮੂਹ ਦਾ ਹਿੱਸਾ ਹੈ ਤੇ ਕੌਮੀ ਕਿੱਤਾ ਸਿੱਖਿਆ ਢਾਂਚੇ ਨੂੰ ਲਾਗੂ ਕਰਨ ਲਈ ਵਿਕਸਤ ਹੈ। ਕੌਮੀ ਹੁਨਰ ਯੋਗਤਾ ਢਾਂਚਾ (NSQF), ਮਨੁੱਖੀ ਸਾਧਨ ਮੰਤਰਾਲੇ, ਭਾਰਤ ਸਰਕਾਰ ਦੀ ਪਹਿਲ ਕਦਮੀ ਹੈ, ਜਿਸ ਨਾਲ ਉਹ ਆਮ ਸਿਧਾਂਤ ਤੇ ਅਗਵਾਈ ਲੀਹਾਂ, ਉਹਨਾਂ ਸਕੂਲਾਂ ਲਈ ਦੇਣ ਲਈ ਕੰਮ ਕਰ ਰਹੀ ਹੈ ਜੋ ਕਿ ਕਿੱਤਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਤਕਨੀਕੀ ਸਿੱਖਿਆ ਸੰਸਥਾਵਾਂ, ਕਾਲਜ ਤੇ ਯੂਨੀਵਰਸਿਟੀਆਂ ਦੇ ਰੂਪ ਵਿਚ ਹਨ। ਇਹ ਵਿਚਾਰ ਹੈ ਕਿ NVEQF ਨਾਲ ਵਿਦਿਅਕ ਯੋਗਤਾਵਾਂ ਦੀ ਪਾਰਦਰਸ਼ਤਾ, ਖਿੱਤਾ ਬਦਲੀ ਸਿੱਖਿਆ, ਵਿਦਿਆਰਥੀ ਕੇਂਦਰਤ ਸਿੱਖਿਆ ਵਿਚ ਵਾਧਾ ਕਰੇਗੀ ਤੇ ਇਹ ਸਿੱਖਿਅਕ ਦੀਆਂ ਵੱਖ-2 ਯੋਗਤਾਵਾਂ ਨੂੰ ਸੌਖਾ ਬਣਾਵੇਗੀ ਅਤੇ ਇਸ ਤਰ੍ਹਾਂ ਹੀ ਜੀਵਨ ਭਰ ਸਿੱਖਿਆ ਲਈ ਉਤਸ਼ਾਹਿਤ ਕਰੇਗੀ।

ਵਿਦਿਆਰਥੀ ਕਾਰਜ ਪੁਸਤਕ (Work Book) ਉਹਨਾਂ ਵਿਦਿਆਰਥੀਆਂ ਲਈ ਕਿੱਤਾ ਸਿੱਖਿਆ ਸਮੂਹ ਹੈ ਜਿਹਨਾਂ ਨੇ ਅੱਠਵੀਂ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੈ ਅਤੇ ਇਹਨਾਂ ਨੂੰ ਮਾਹਿਰਾਂ ਦੀ ਟੋਲੀ ਨੇ ਬਣਾਇਆ ਹੈ। ਸਿਹਤ ਸੰਭਾਲ ਖੇਤਰ ਹੁਨਰ ਕੌਂਸਲ ਜਿਸਨੂੰ ਕੌਮੀ ਹੁਨਰ ਵਿਸਤਾਰ ਕਾਰਪੋਰੇਸ਼ਨ (ਨਿਗਮ) ਦੀ ਮਾਨਤਾ ਦਿੱਤੀ ਹੈ, ਜਿਸ ਨਾਲ ਕਿ ਸਿਹਤ ਸੰਭਾਲ ਖੇਤਰ ਪੱਧਰ 'ਚ ਵਿਸਤਾਰ ਹੋਇਆ। ਕੌਮੀ ਕਿੱਤਾ ਪੱਧਰ (NOS) ਯੋਗਤਾਵਾਂ ਉਹ ਸੈੱਟ ਹੈ ਜਿਸ ਵਿਚ ਅਗਵਾਈ ਦਿੱਤੀ ਗਈ ਹੈ। ਇਹਨਾਂ ਵਿਚ ਸਿਹਤ ਸੰਭਾਲ ਉਦਯੋਗ ਦੇ ਪ੍ਰਤੀਨਿਧਾਂ ਦੀ ਭੂਮਿਕਾ ਹੈ ਜਿਸ ਨਾਲ ਹੁਨਰ ਗਿਆਨ ਤੇ ਹੁਨਰਾਂ ਦਾ ਮੁਲਾਂਕਣ ਹੋ ਸਕੇ ਅਤੇ ਜਿਸ ਦੀ ਪ੍ਰਭਾਵੀ ਢੰਗ ਨਾਲ, ਕੰਮ ਵਾਲੀ ਥਾਂ ਤੇ, ਕਿਰਿਆ ਹੋ ਸਕੇ।

ਪੰਡਤ ਸੁੰਦਰ ਲਾਲ ਸ਼ਰਮਾ, ਜੋ ਕੇਂਦਰੀ ਕਿੱਤਾ ਸਿੱਖਿਆ ਸੰਸਥਾ ਜੋ NCERT ਦਾ ਹੀ ਹਿੱਸਾ ਹੈ, ਨੇ ਸਿਹਤ ਸੰਭਾਲ ਹੁਨਰ ਖੇਤਰ (HSSC) ਦੇ ਸਹਿਯੋਗ ਨਾਲ ਮਾਡੂਲਰ ਪਾਠਕ੍ਰਮ, ਸਿੱਖਿਆ ਸਮੱਗਰੀ ਤਿਆਰ ਕੀਤੀ ਹੈ ਜੋ ਕਿ ਕਿੱਤਾ ਸਿਖਲਾਈ ਪੈਕੇਜ/ਸਿਹਤ ਸੰਭਾਲ ਖੇਤਰ (NVEQ/NSQF) ਪੱਧਰ 1 ਤੋਂ 4 ਪੱਧਰ 3 ਗਿਆਰਵੀਂ ਸ਼੍ਰੇਣੀ ਦੇ ਬਰਾਬਰ ਹੈ ਗਿਣਤੀ ਅਧਾਰਤ NOS, ਕਿੱਤਾ ਮੁੱਖੀ ਯੋਗਤਾਵਾਂ (ਗਿਆਨ, ਹੁਨਰ ਤੇ ਯੋਗਤਾਵਾਂ) ਦੀ ਪਛਾਣ ਪਾਠਕ੍ਰਮ ਤੇ ਸਿੱਖਿਆ ਮਾਡਊਲ ਦੇ ਵਿਸਥਾਰ ਲਈ ਕੀਤੀ ਗਈ ਹੈ।

ਵਿਦਿਆਰਥੀ ਕਾਰਜ ਪੁਸਤਕ ਕਿਰਤ ਪੋਥੀ (Work Book) ਨਾਲ ਯਤਨ ਕੀਤਾ ਗਿਆ ਹੈ ਕਿ ਕੋਰਸਾਂ ਤੇ ਵੱਖ-2 ਵਿਸ਼ਿਆਂ ਦੀਆਂ ਹੱਦਾਂ ਤੋੜਨ ਤੇ ਹੋਰ ਵਿਸ਼ਾ ਖੇਤਰਾਂ ਵਿਚ ਜ਼ਰੂਰੀ ਲਚਕ ਅਪਣਾਈ ਜਾਵੇ। ਵਰਕ ਬੁੱਕ ਵਿਚ ਇਹਨਾਂ ਯਤਨਾਂ ਨੂੰ ਵਧਾਉਣ ਲਈ ਪਹਿਲ ਕੀਤੀ ਗਈ ਹੈ ਤਾਂ ਕਿ ਸੋਚ, ਹੈਰਾਨੀ, ਛੋਟੀਆਂ-2 ਟੋਲੀਆਂ 'ਚ ਬਹਿਸ ਤੇ ਹੱਥੀ ਕਿਰਿਆਵਾਂ ਦਾ ਮੌਕਾ ਬਣ ਸਕੇ। ਅਸੀਂ ਉਮੀਦ ਕਰਦੇ ਹਾਂ ਕਿ ਇਹ ਕਦਮ ਸਾਨੂੰ ਵਿਸ਼ੇਸ਼ ਤੌਰ ਤੇ ਵਿਦਿਆਰਥੀ ਕੇਂਦਰ ਸਿੱਖਿਆ ਪ੍ਰਣਾਲੀ ਵੱਲ ਲੈ ਜਾਣਗੇ ਜੋ ਕਿ ਕੌਮੀ ਸਿੱਖਿਆ ਯੋਜਨਾ ਪਾਲਿਸੀ (1986) ਦਾ ਮੰਤਵ ਹੈ।

ਇਸ ਯਤਨ ਦੀ ਸਫਲਤਾ ਸਕੂਲ ਪ੍ਰਿੰਸੀਪਲਾਂ, ਅਧਿਆਪਕਾਂ ਵੱਲੋਂ ਇਸ ਦਿਸ਼ਾ 'ਚ ਲਏ ਗਏ ਕਦਮਾਂ ਤੇ ਹੋਵੇਗੀ ਕਿ ਉਹ ਕਿਵੇਂ ਬੱਚਿਆਂ ਨੂੰ ਕਿੱਤਾ ਕਿਰਿਆਵਾਂ ਕਲਪਨਿਕ ਮੌਕੇ ਦੇ ਕੇ ਪ੍ਰਸ਼ਨਾਂ ਦਾ ਕੰਮ ਕਰਦੇ ਹਨ। ਸਿੱਖਿਆਰਥੀਆਂ ਦਾ ਹੁਨਰ ਵਿਕਾਸ਼ ਕਸਰਤਾਂ ਵਿੱਚ ਸ਼ਾਮਲ ਹੋ ਕੇ ਕਦਰਾਂ ਕੀਮਤਾ ਅਤੇ ਰਚਨਾਤਮਕ ਕਿਰਿਆਵਾਂ ਤਾਂ ਹੀ ਸੰਭਵ ਹਨ ਜੇਕਰ ਅਸੀਂ ਬੱਚਿਆਂ ਨੂੰ ਸਿੱਖਣ ਦੇ ਲਈ ਇਸ ਤੌਰ ਤੇ ਲਿਆਵਾਂਗੇ ਨਾ ਕਿ ਸੂਚਨਾ ਪ੍ਰਾਪਤ ਕਰਨ ਵਾਲ਼ੇ ਦੇ ਤੌਰ ਤੇ। ਇਹ ਉਦੇਸ਼ ਸਕੂਲ ਦੇ ਰੋਜ਼ਾਨਾ ਕੰਮਕਾਰ ਤੇ ਕਾਰਜਾਂ ਦੇ ਢੰਗ ਨੂੰ ਤਬਦੀਲ ਕਰਦੇ ਹਨ। ਰੋਜ਼ਾਨਾ ਦੇ ਕੰਮਕਾਰ ਵਿਚ ਲਚਕ, ਕਿਰਿਆਵਾਂ ਨੂੰ ਲਾਗੂ ਕਰਨ ਵਿਚ ਲੋੜੀਂਦੀ ਹੈ ਅਤੇ ਪੜ੍ਹਾਈ ਦੇ ਦਿਨਾਂ ਨੂੰ ਵਧਾਉਣਾ ਪਵੇਗਾ ਤਾਂ ਕਿ ਸਿੱਖਿਆ ਅਤੇ ਸਿਖਲਾਈ ਚਲਦੀ ਰਹੇ।



Downloaded from https:// www.studiestoday.com

Downloaded from https:// www.studiestoday.com

## ਤੁਹਾਡੀ ਕਾਰਜ ਪੁਸਤਕ ਬਾਰੇ

ਇਹ ਕਾਰਜ ਪੁਸਤਕ, ਸਮਰੱਥਾ (ਯੂਨਿਟ) ਇਕਾਈ ਨੂੰ ਪੂਰਾ ਕਰਨ ਵਿਚ ਸਹਾਇਕ ਹੈ। **HSS 303–NQ 2014 MICROBIOLOGY, STERILIZATION & DISINFECTION II** ਤੁਹਾਨੂੰ ਕਾਰਜ ਪੁਸਤਕ ਰਾਹੀ ਕੰਮ ਕਰਨਾ ਚਾਹੀਦਾ ਹੈ। ਸ਼੍ਰੇਣੀ ਕਮਰੇ ਜਾਂ ਕੰਮ ਵਾਲੀ ਥਾਂ ਤੇ ਜਾਂ ਆਪਣੇ ਸਮੇਂ ਤੇ ਇਹ ਸਭ ਕੁਝ ਤੁਹਾਡੇ ਅਧਿਆਪਕ/ਟਰੇਨਰ ਦੀ ਨਿਗਰਾਨੀ ਹੇਠ ਹੋਣਾ ਚਾਹੀਦਾ ਹੈ। ਇਹ ਕਾਰਜ ਪੁਸਤਕ ਵਿਦਿਅਕ ਵਰ੍ਹੇ ਵਿਚ ਤੁਹਾਡੀ ਸਹਾਇਤਾ ਨਾਲ ਲੋੜੀਂਦੀ ਜਾਣਕਾਰੀ ਤੇ ਹੁਨਰ (ਨਰਮ ਤੇ ਸਖ਼ਤ) ਵੱਖ-2 ਵਿਸ਼ਿਆਂ ਵਿਚ ਸਮਰੱਥਾ ਦੀ ਇਕਾਈ ਪ੍ਰਾਪਤ ਕਰ ਸਕੇਗੀ। ਹਰ ਇਕਾਈ ਇੰਨੀ ਛੋਟੀ ਹੈ ਕਿ ਇਸ ਨੂੰ ਸਮਝਣਾ ਬੁੱਝਣਾ ਸੌਖਾ ਹੈ ਤੇ ਤੁਸੀਂ ਅਗਲੇ ਵਿਦਿਅਕ ਵਰ੍ਹੇ ਵਿਚ ਜਾ ਸਕਦੇ ਹੋ। ਐਨੀਮੇਟਡ ਤਸਵੀਰਾਂ ਅਤੇ ਫੋਟੋਆਂ ਸ਼ਾਮਿਲ ਕੀਤੀਆਂ ਗਈਆਂ ਹਨ ਤਾਂ ਕਿ ਪ੍ਰਭਾਵੀ ਹੋ ਸਕੇ ਅਤੇ ਵਿਸ਼ਾ ਸਮਝਿਆ ਜਾ ਸਕੇ ਤੇ ਕ੍ਰਿਆਸ਼ੀਲ ਹੋਵੇ। ਤੁਸੀਂ ਆਪਣੀ ਕਲਪਨਾ ਦੀ ਵਰਤੋਂ ਕਰਕੇ ਜਾਂ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਚਿੱਤਰ ਬਣਾ ਸਕਦੇ ਹੋ। ਆਓ ਅਸੀਂ ਦੇਖੀਏ ਕਿ ਇਸ ਵਿਦਿਅਕ ਵਰ੍ਹੇ ਵਿੱਚ ਤੁਹਾਡੇ ਲਈ ਕੀ-ਕੀ ਸੈਕਸ਼ਨ ਹਨ।

### ਭਾਗ 1. ਜਾਣ-ਪਛਾਣ (Introduction)

ਇਹ ਹਿੱਸਾ ਇਕਾਈ ਦੇ ਸਿਰਲੇਖ ਬਾਰੇ ਤੁਹਾਨੂੰ ਜਾਣਕਾਰੀ ਦਿੰਦਾ ਹੈ। ਇਹ ਵੀ ਦੱਸਦਾ ਹੈ ਕਿ ਤੁਸੀਂ ਵੱਖ-2 ਸ਼ੈਸ਼ਨਾਂ ਵਿਚ, ਇਸ ਇਕਾਈ ਵਿਚ ਕੀ ਸਿੱਖੋਗੇ।

### ਭਾਗ 2. ਸੰਬੰਧਿਤ ਗਿਆਨ (Relevant Knowledge)

ਇਸ ਭਾਗ ਵਿਚ ਕਿੱਤਾ ਵਿਸ਼ਿਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਭਾਗ ਵਿਚ ਪ੍ਰਾਪਤ ਗਿਆਨ ਤੁਹਾਨੂੰ ਇਸ ਯੋਗ ਬਣਾਵੇਗਾ ਕਿ ਤੁਸੀਂ ਕੁਝ ਕਿਰਿਆਵਾਂ ਕਰ ਸਕੋ। ਤੁਹਾਨੂੰ ਜਾਣਕਾਰੀ ਲੈਣ ਲਈ ਪੜ੍ਹਨਾ ਚਾਹੀਦਾ ਹੈ ਤਾਂ ਕਿ ਤੁਹਾਡੇ ਵਿਚ ਵੱਖ-2 ਵਿਸ਼ਿਆਂ ਪ੍ਰਤੀ ਸਮਝ ਬਣ ਸਕੇ, ਇਹ ਸਭ ਕੁੱਝ ਪੂਰਾ ਕਰਨ ਲਈ ਹੈ।

### ਭਾਗ 3. ਪਾਲਣਾ

ਹਰ ਸ਼ੈਸ਼ਨ ਵਿਚ ਅਭਿਆਸ ਹਨ ਜਿਹਨਾਂ ਨੂੰ ਤੁਸੀਂ ਸਮੇਂ ਤੇ ਪੂਰਾ ਕਰਨਾ ਹੈ। ਤੁਸੀਂ ਸ਼੍ਰੇਣੀ ਕਮਰੇ ਵਿਚ ਕਿਰਿਆਵਾਂ ਪੂਰੀਆਂ ਕਰੋਗੇ ਤੇ ਘਰ ਜਾਂ ਕੰਮ ਵਾਲੀ ਥਾਂ ਤੇ ਵੀ ਕਿਰਿਆਵਾਂ ਕਰੋਗੇ। ਇਸ ਭਾਗ ਵਿਚ ਸ਼ਾਮਿਲ ਕਿਰਿਆਵਾਂ ਰਾਹੀਂ ਤੁਹਾਨੂੰ ਗਿਆਨ, ਹੁਨਰ ਤੇ ਵਰਤਾਰਾ ਸਿਖਾਇਆ ਜਾਂਦਾ ਹੈ ਤਾਂ ਕਿ ਤੁਸੀਂ ਕੰਮ ਵਾਲੀ ਥਾਂ ਤੇ ਕੁੱਝ ਕਰ ਸਕੋ। ਇਹ ਕਿਰਿਆਵਾਂ ਤੁਹਾਡੇ ਅਧਿਆਪਕ/ਟਰੇਨਰ ਦੀ ਨਿਗਰਾਨੀ ਹੇਠ ਹੋਣੀਆਂ ਚਾਹੀਦੀਆਂ ਹਨ ਜੋ ਕਿ ਤੁਹਾਡੇ ਕੰਮਾਂ ਨੂੰ ਪੂਰਾ ਕਰਨ ਤੇ ਕਾਰਜ ਸ਼ੈਲੀ ਵਧਾਉਣ ਲਈ ਸਹਾਇਕ ਸਿੱਧ ਹੋ ਸਕਦੇ ਹਨ। ਇਸ ਦੀ ਪ੍ਰਾਪਤੀ ਲਈ ਇਕ ਟਾਈਮ ਟੇਬਲ (ਸਮਾਂ-ਸਾਰਣੀ) ਅਧਿਆਪਕ/ਟਰੇਨਰ ਦੀ ਸਲਾਹ ਨਾਲ ਤਿਆਰ ਕੀਤਾ ਜਾਵੇ ਅਤੇ ਪੂਰੀ ਤਰ੍ਹਾਂ ਸਥਾਪਿਤ ਨਿਯਮਾਂ ਪੱਧਰਾਂ ਦੀ ਪਾਲਣਾ ਕੀਤੀ ਜਾਵੇ। ਜੋ ਗੱਲ ਤੁਹਾਨੂੰ ਸਮਝ ਨਹੀਂ ਆਉਂਦੀ, ਉਸਨੂੰ ਸਮਝਣ ਲਈ ਅਧਿਆਪਕ ਤੋਂ ਪੁੱਛਣ ਲਈ ਕਦੇ ਨਾ ਝਿਜਕੋ।

### ਭਾਗ 4. ਮੁੱਲਾਂਕਣ (Assessment)

ਸਮੀਖਿਆ/ਸਰਵੇਖਣ, ਪ੍ਰਸ਼ਨ ਇਸ ਭਾਗ ਵਿਚ ਦਰਜ ਤੁਹਾਨੂੰ ਤੁਹਾਡੀ ਪ੍ਰਗਤੀ ਵਿਚ ਸਹਾਈ ਹੋਣਗੇ। ਤੁਸੀਂ ਅਗਲੇ ਵਿਦਿਅਕ ਵਰ੍ਹੇ ਵਿੱਚ ਜਾਣ ਤੋਂ ਪਹਿਲਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਕਾਬਿਲ ਹੋ ਜਾਵੋਗੇ।



Downloaded from https:// www.studiestoday.com

Downloaded from https:// www.studiestoday.com

# ਸੈਸ਼ਨ 1 : ਰੋਗਾਣੂ ਨਾਸ਼ਕ ਵਸਤਾਂ ਬਾਰੇ ਜਾਣਕਾਰੀ

## ਸੰਬੰਧਿਤ ਗਿਆਨ

ਇਸ ਸੈਸ਼ਨ ਵਿੱਚ ਵੱਖ-2 ਰੋਗਾਣੂ ਨਾਸ਼ਕ, ਗੰਧਕ ਦੀ ਧੂਣੀ ਅਤੇ ਵੱਖਰੀ ਇਕਾਈ ਦੇ ਪ੍ਰਬੰਧ ਬਾਰੇ ਜਾਣੋਗੇ। ਤੁਸੀਂ ਚੰਗੀ ਤਰ੍ਹਾਂ ਘਰ ਸਾਂਭਣ ਦੇ ਅਮਲਾਂ ਅਤੇ ਸਫ਼ਾਈ ਦੇ ਮੰਤਵਾਂ ਬਾਰੇ ਜਾਣੋਗੇ।

### ਸਮਵਰਤੀ ਰੋਗਾਣੂ ਨਾਸ਼ਕ

**ਸਮਵਰਤੀ ਰੋਗਾਣੂ ਨਾਸ਼ਕ ਦਾ ਅਰਥ ਹੈ ਕਿ ਜੋ ਮਲੀਨ ਵਸਤਾਂ ਹਨ ਅਤੇ ਬੀਮਾਰੀ ਸਮੇਂ ਜੋ ਗੰਦ ਬਾਹਰ ਨਿਕਲਦਾ ਹੈ, ਉਹਨਾਂ ਨੂੰ ਤੁਰੰਤ ਰੋਗਾਣੂ ਨਾਸ਼ਕ ਬਣਾਉਣਾ। ਇਹ ਹਨ :—**

1. ਇਕਹਿਰੀ ਇਕਾਈ ਦੀ ਰੋਜ਼ ਸਫ਼ਾਈ ਜਿਸ ਵਿੱਚ ਫਰਸ਼ ਵੀ ਸ਼ਾਮਿਲ ਹਨ, ਇਹ ਰੋਗਾਣੂ ਨਾਸ਼ਕ ਨਾਲ ਸਾਫ਼ ਕਰਨੇ ਹਨ।
2. ਉਹਨਾਂ ਸਾਰੀਆਂ ਵਸਤਾਂ ਦਾ ਰੋਗਾਣੂ ਨਾਸ਼ਕ ਕਰਨਾ ਜਿਹਨਾਂ ਵਿੱਚ ਗੰਦੇ ਕੱਪੜੇ ਤੇ ਮਲੀਨ ਵਸਤਾਂ ਸ਼ਾਮਿਲ ਹਨ ਇਹਨਾਂ ਨੂੰ ਇਕਾਈ ਤੋਂ ਬਾਹਰ ਭੇਜਣ ਤੋਂ ਪਹਿਲਾਂ ਕਰਨਾ ਹੈ।
3. ਸਾਰੀਆਂ ਰੱਦੀ ਵਸਤਾਂ ਨੂੰ ਭਸਮ ਕਰ ਦੇਣਾ।
4. ਗੰਦੇ ਮਲ-ਮੂਤਰ ਨੂੰ ਵੀ ਸੁਰੱਖਿਅਤ ਢੰਗ ਨਾਲ ਖ਼ਤਮ ਕਰਨਾ।

ਮਲ-ਮੂਤਰ ਨੂੰ ਇਕ ਪਾਸੇ ਕਰਕੇ ਬਰਾਬਰ ਮਾਤਰਾ ਵਾਲੇ ਚੂਨੇ ਦੇ ਪਾਣੀ ਨਾਲ ਮਿਲਾਉਣਾ (ਇਕ ਹਿੱਸਾ ਚੂਨਾ ਚਾਰ ਹਿੱਸੇ ਪਾਣੀ) ਅਤੇ ਇਸ ਨੂੰ ਦੋ ਤੋਂ ਚਾਰ ਘੰਟੇ ਰੱਖਣਾ ਹੈ, ਫਿਰ ਇਸ ਨੂੰ ਦਬਾ ਦੇਣਾ ਹੈ। ਮਲ ਨੂੰ ਲੱਕੜ ਦੇ ਬੂਰਾਦੇ ਨਾਲ ਰਲ੍ਹਾ ਕੇ ਜਲਾਇਆ ਜਾ ਸਕਦਾ ਹੈ। ਹਸਪਤਾਲ ਵਿੱਚ ਸੈਪਟਿਕ ਟੈਕਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਗੰਦਮੰਦ ਨੂੰ ਖ਼ਤਮ ਕਰਨ ਦੇ ਵਧੀਆ ਸਾਧਨ ਹਨ। ਮਲ ਨੂੰ ਕਿਸੇ ਵੀ ਰੋਗਾਣੂ ਨਾਸ਼ਕ ਨਾਲ ਮਿਲਾ ਕੇ ਸੈਪਟਿਕ ਟੈਂਕ ਵਿੱਚ ਨਹੀਂ ਸੁਟਣਾ ਚਾਹੀਦਾ ਕਿਉਂਕਿ ਰੋਗਾਣੂ ਨਾਸ਼ਕ ਕੁਦਰਤੀ ਜੀਵ ਵਿਗਿਆਨ ਕਿਰਿਆ ਨੂੰ ਰੋਕ ਲਵੇਗਾ। ਥੁੱਕ ਨੂੰ ਇਕ ਢੱਕਣ ਵਾਲੇ ਕੱਪ ਵਿੱਚ ਇਕੱਠਾ ਕੀਤਾ ਜਾ ਸਕਦਾ ਹੈ। ਇਹ ਭਾਂਡਾ ਜਿਸ ਵਿੱਚ ਜਾਂ ਪਾਣੀ ਹੋਵੇ ਜਾਂ ਰੋਗਾਣੂ ਨਾਸ਼ਕ ਲੋਸ਼ਨ ਹੋਵੇ। ਇਹ ਥੁੱਕ ਨੂੰ ਸਿਰਿਆਂ ਤੋਂ ਜੰਮਣ ਤੋਂ ਰੋਕਦਾ ਹੈ। ਜਦੋਂ ਉਹ ਭਾਂਡਾ ਭਰ ਜਾਵੇ ਇਸ ਨੂੰ ਜਲਾਉਣ ਦੀ ਲੋੜ ਹੁੰਦੀ ਹੈ।

### ਅੰਤ ਸਮੇਂ ਦਾ ਰੋਗਾਣੂ ਨਾਸ਼ਕ

ਇਹ ਰੋਗਾਣੂ ਨਾਸ਼ਕ ਮਰੀਜ਼ ਦੀ ਇਕਾਈ ਦਾ, ਮਰੀਜ਼ ਦੀਆਂ ਸਾਰੀਆਂ ਵਸਤਾਂ ਦਾ ਰੋਗਾਣੂ ਨਾਸ਼ਕ ਕਰਨ ਦਾ ਹੈ। ਇਸ ਦੀ ਵਰਤੋਂ ਜਦੋਂ ਮਰੀਜ਼ ਹਸਪਤਾਲ ਤੋਂ ਛੁੱਟੀ ਲੈਂਦਾ ਹੈ, ਬਦਲਦਾ ਹੈ ਜਾਂ ਉਸਦੀ ਮੌਤ ਹੋ ਜਾਂਦੀ ਹੈ। ਜੋ ਕਿ ਰੋਗਾਣੂਆਂ ਦੀ ਬੀਮਾਰੀ ਤੋਂ ਪੀੜਿਤ ਸੀ। ਧੂਣੀ ਵੀ ਇਸ ਮੰਤਵ ਲਈ ਵਰਤੀ ਜਾਂਦੀ ਹੈ। ਇਸ ਵਿੱਚ ਆਮ ਤੌਰ ਤੇ ਗੰਧਕ ਅਤੇ ਫੋਰਮਾਲਿਨ (formalin) ਵਰਤੇ ਜਾਂਦੇ ਹਨ। ਦਰਵਾਜ਼ੇ ਤੇ ਖਿੜਕੀਆਂ ਅਤੇ ਹੋਰ ਖੁੱਲੀਆਂ ਥਾਵਾਂ ਧੂਣੀ ਤੋਂ ਪਹਿਲਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ।



Downloaded from https:// www.studiestoday.com

Downloaded from https:// www.studiestoday.com

### ਗੰਧਕ ਦੀ ਧੂਣੀ

ਕਮਰੇ ਨੂੰ ਪਾਣੀ ਦੀ ਪਤੀਲੀ ਦੀ ਭਾਫ਼ ਨਾਲ ਭਰ ਲਿਆ ਜਾਵੇ ਕਿਉਂਕਿ ਗੰਧਕ ਆਪਣੀ ਕ੍ਰਿਆ ਸਿੱਧੇ ਤੌਰ ਤੇ ਚੰਗੀ ਤਰ੍ਹਾਂ ਕਰਦਾ ਹੈ। ਇਕ ਛੋਟਾ ਕਮਰਾ ਜੋ 100 ਦਰਜੇ ਕਿਉਬਿਕ ਫੁੱਟ ਹੋਵੇ ਉਸ ਲਈ 220 ਗ੍ਰਾਮ ਗੰਧਕ ਦੀ ਜ਼ਰੂਰਤ ਹੁੰਦੀ ਹੈ। ਇਸ ਨੂੰ ਇਕ ਕੱਚੇ ਭਾਂਡੇ ਵਿੱਚ ਇਕ ਪਾਣੀ ਦੇ ਵੱਡੇ ਬਰਤਨ ਵਿੱਚ ਖੜਾ ਕੀਤਾ ਜਾਂਦਾ ਹੈ, ਥੋੜੀ ਜਿਹੀ ਸਪਿਰਟ ਗੰਧਕ ਤੇ ਪਾਈ ਜਾਂਦੀ ਹੈ ਤਾਂ ਕਿ ਗੰਧਕ ਪੂਰੀ ਤਰ੍ਹਾਂ ਜਲ ਜਾਵੇ। ਗੰਧਕ ਨੂੰ ਅੱਗ ਲਗਾ ਦਿਓ ਅਤੇ ਦਰਵਾਜ਼ਾ ਬੰਦ ਕਰ ਦਿਓ। ਦਰਵਾਜ਼ਾ 24 ਘੰਟੇ ਬਾਅਦ ਖੋਹਲਿਆ ਜਾਂਦਾ ਹੈ। ਇਸ ਤਰੀਕੇ ਦਾ ਪ੍ਰਭਾਵ ਕਈ ਗੱਲਾਂ ਤੇ ਨਿਰਭਰ ਕਰਦਾ ਹੈ ਜਿਵੇਂ ਗੈਸ ਇਕੱਠੀ ਹੋਣਾ, ਕਮਰੇ ਦਾ ਤਾਪਮਾਨ ਸਿਲ੍ਹ ਅਤੇ ਸਮੇਂ ਦਾ ਤਿਆਗ ਸਾਰੀਆਂ ਵਸਤਾਂ ਨੂੰ ਖੁਲ੍ਹਾ ਰੱਖਿਆ ਜਾਵੇ ਤਾਂ ਕਿ ਰਸਾਇਣੀ ਹਵਾੜ ਵਿੱਚੋਂ ਦੇਖੀਆਂ ਜਾ ਸਕਣ।

### ਵੱਖਰੀ ਇਕਾਈ ਦਾ ਪ੍ਰਬੰਧਨ

**ਇਕ ਇਕਾਈ ਗਾਹਕ ਦੀਆਂ ਲੋੜਾਂ ਅਨੁਸਾਰ ਕਾਇਮ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਹੇਠ ਲਿਖੇ ਸਮਾਨ ਦੀ ਲੋੜ ਹੈ :—**

1. ਹੱਥ ਧੋਣ ਦੀਆਂ ਸੁਵਿਧਾਵਾਂ- ਚਮੜੀ, ਨਲ ਦਾ ਪਾਣੀ, ਸਾਬਣ, ਬੁਰਸ਼ ਆਦਿ।
2. ਪੇਪਰ ਨੈਪਕਿਨਜ਼ (ਹੱਥ ਪੂੰਝਣ ਵਾਲੇ ਹਲਕੇ ਪੇਪਰ)।
3. ਇਕ ਮੇਜ਼ ਜਿਸ ਉੱਤੇ ਗਾਹਕ ਦੀ ਸੰਭਾਲ ਲਈ ਵਸਤਾਂ ਰੱਖੀਆਂ ਹੋਣ ਜਿਵੇਂ ਥਰਮਾਮੀਟਰ, ਡਰੈਸਿੰਗ ਟਰੇਅ ਵਗੈਰਾ)।
4. ਗਾਹਕ ਲਈ ਪਖਾਨਾ ਸੁਵਿਧਾਵਾਂ- ਪਾਣੀ ਤੇ ਨਹਾਉਣ ਦੀਆਂ ਸੁਵਿਧਾਵਾਂ।
5. ਪੇਪਰ ਲਾਇਨਿੰਗ ਲੱਗੇ ਕੂੜਾਦਾਨ।
6. ਪਖਾਨੇ ਲਈ ਨਿੱਜੀ ਵਸਤਾਂ ਅਤੇ ਭੋਜਨ ਪਰੋਸਣ ਲਈ ਨਿੱਜੀ ਵਸਤਾਂ।
7. ਗਾਹਕ ਦੇ ਕਮਰੇ ਤੋਂ ਬਾਹਰ ਕੁੱਝ ਵਸਤਾਂ ਜੋ ਕਿ ਜੀ.ਡੀ.ਏ. (GDA) ਲਈ ਲੋੜੀਂਦੀਆਂ ਹਨ ਜਿਵੇਂ ਦਸਤਾਨੇ, ਗਾਊਨ ਅਤੇ ਮਾਸਕ।
8. ਰੋਗਾਣੂ ਨਾਸ਼ਕ ਘੋਲ ਨਾਲ ਰੋਗਾਣੂ ਰਹਿਤ ਕਰਨ ਲਈ ਬਰਤਨ।
9. ਦਰਵਾਜ਼ੇ ਤੇ ਲਗਾਉਣ ਵਾਲੇ ਕਾਰਡ ਜਿਹਨਾ ਤੇ ਵੱਖਰਾ (isolation) ਲਿਖਿਆ ਹੋਵੇ।

ਜੀ.ਡੀ.ਏ. (GDA) ਕਮਰੇ 'ਚ ਦਾਖਲ ਹੋਣ ਤੋਂ ਪਹਿਲਾਂ ਹੱਥ ਧੋਂਦੀ ਹੈ, ਸਾਫ਼ ਗਾਊਨ ਪਾਉਂਦੀ ਹੈ ਅਤੇ ਮਾਸਕ ਪਾਉਂਦੀ ਹੈ ਫੇਰ ਦਰਵਾਜ਼ਾ ਬੰਦ ਕਰਕੇ ਮਰੀਜ਼ ਦੀ ਖਬਰਸਾਰ ਲੈਂਦੀ ਹੈ, ਜੇ ਲੋੜ ਹੋਵੇ ਤਾਂ ਦਸਤਾਨੇ ਵੀ ਪਾਉਂਦੀ ਹੈ। ਉਹ ਸਾਰੀਆਂ ਰੋਗਾਣੂ ਰਹਿਤ ਕ੍ਰਿਆਵਾਂ ਕਰਦੀ ਹੈ ਤਾਂ ਕਿ ਇਨਫੈਕਸ਼ਨ ਨਾ ਫੈਲੇ।

ਉਹ ਮਰੀਜ਼ ਦੀਆਂ ਲੋੜਾਂ ਪੂਰੀਆਂ ਕਰਕੇ ਦਰਵਾਜ਼ਾ ਬੰਦ ਕਰ ਦਿੰਦੀ ਹੈ; ਆਪਣਾ ਗਾਊਨ ਅਤੇ ਮਾਸਕ ਲਾਹ ਦਿੰਦੀ ਹੈ ਅਤੇ ਕੋਲ ਪਏ ਭਾਂਡਿਆਂ ਦੇ ਲੋਸ਼ਨ ਵਿੱਚ ਸੁੱਟ ਦਿੰਦੀ ਹੈ, ਫੇਰ ਆਪਣੇ ਹੱਥ ਚੰਗੀ ਤਰ੍ਹਾਂ ਧੋ ਦਿੰਦੀ ਹੈ।

### ਘਰ ਦਾ ਚੰਗਾ ਰੱਖਰਖਾਵ

ਘਰ ਦਾ ਚੰਗਾ ਰੱਖਰਖਾਵ ਰੱਖਣ ਵਾਲਾ ਵਿਭਾਗ ਹਸਪਤਾਲ ਨੂੰ ਸਾਫ਼ ਰੱਖਣ ਦਾ ਕੰਮ ਕਰਦਾ ਹੈ। ਇਕ ਚੰਗਾ ਪ੍ਰਬੰਧਿਤ ਵਿਭਾਗ ਹਸਪਤਾਲ ਦੇ ਖਰਚਿਆਂ ਨੂੰ ਘਟਾ ਸਕਦਾ ਹੈ। ਇਸ ਦੇ ਚੰਗੇ ਕੰਮਕਾਰ ਲਈ ਸਾਰੇ ਹਸਪਤਾਲ ਦੇ ਸਟਾਫ਼ ਦੀ ਮਿਲਵਰਤਣ ਜ਼ਰੂਰੀ ਹੈ। ਜੇਕਰ ਹਸਪਤਾਲ ਦੀ ਰੱਖ ਰਖਾਵ ਮਾੜੀ ਕਿਸਮ ਦੀ ਹੈ ਤਾਂ ਇਸ ਨਾਲ ਸਿਹਤ ਸੰਭਾਲ ਘਟਦੀ ਹੈ। ਨਰਸਿੰਗ ਸਿੱਖਿਆ ਤੇ ਬੁਰਾ ਪ੍ਰਭਾਵ ਪੈਂਦਾ ਹੈ। ਗੁਣਵੱਤਾ ਘਟਦੀ ਅਤੇ ਵਾਧਾ ਰੁੱਕ ਜਾਂਦਾ ਹੈ।

ਬਹੁਤ ਸਾਰੇ ਹਸਪਤਾਲਾਂ ਵਿੱਚ ਰੱਖ ਰਖਾਵ ਦੀ ਜ਼ਿੰਮੇਵਾਰੀ ਹੈਡ ਨਰਸ ਦੀ ਹੁੰਦੀ ਹੈ ਜਦੋਂ ਕਿ ਦੂਜਿਆਂ ਵਿੱਚ ਇਹ ਜ਼ਿੰਮੇਵਾਰੀ ਰੱਖ ਰਖਾਵ ਵਿਭਾਗ ਨੂੰ ਦਿੱਤੀ ਜਾਂਦੀ ਹੈ ਜਿਸ ਦਾ ਕਿ ਇਕ ਹਾਊਸ ਕੀਪਰ ਪ੍ਰਬੰਧ ਕਰਦਾ ਹੈ। ਕਈ ਵਾਰ



Downloaded from https:// www.studiestoday.com

Downloaded from https:// www.studiestoday.com

ਇਹ ਜ਼ਿੰਮੇਵਾਰੀ ਦੋਹਾਂ ਵਿੱਚ ਬਰਾਬਰ ਵੰਡੀ ਜਾਂਦੀ ਹੈ। ਜੋ ਮਨੁੱਖ ਹਸਪਤਾਲ ਦੇ ਰੱਖ ਰਖਾਵ ਲਈ ਜ਼ਿੰਮੇਵਾਰ ਹੈ ਉਸ ਦੀ ਰੱਖ ਰਖਾਵ ਵਿੱਚ ਰੁਚੀ ਹੋਵੇ ਅਤੇ ਉਸ ਦੀ ਨਰਸਿੰਗ ਸੇਵਾ ਵਿੱਚ ਵੀ ਵਿਸ਼ੇਸ਼ ਥਾਂ ਹੋਣੀ ਚਾਹੀਦੀ ਹੈ। ਉਸ ਪੁਰਸ਼ ਜਾਂ ਇਸਤਰੀ ਨੂੰ ਵੱਡੇ ਪੱਧਰ ਦੀ ਕੰਮ ਸੇਵਾ ਤੇ ਚੰਗਾ ਪ੍ਰਬੰਧਨ ਯੋਗਤਾ ਹੋਣੀ ਚਾਹੀਦੀ ਹੈ। ਸਫ਼ਲ ਹੋਣ ਲਈ ਉਸ ਨੂੰ ਲੋਕਾਂ ਵਿੱਚ ਸ਼ੌਕ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਬੁਨਿਆਦੀ ਮਾਸਕ ਕੰਮਾਂ ਨੂੰ ਪਸੰਦ ਕਰਨ ਦੀ ਰੁਚੀ ਹੋਵੇ ਅਤੇ ਉਸ ਕੋਲ ਨਿਰਦੇਸ਼, ਨਿਗਰਾਨ ਵਾਲੇ ਗੁਣ ਅਤੇ ਉਸ ਕਿਸ ਨੂੰ ਨਰਾਜ਼ ਨਾ ਕਰੇ।

### ਸਫ਼ਾਈ ਅਤੇ ਸਲੀਕਾ

ਸਾਫ਼ ਸਮਾਨ, ਸਾਫ਼ ਫਰਸ਼ ਅਤੇ ਕੰਧਾਂ ਰੋਗ ਉਪਜਾਊ ਜੀਵ ਪ੍ਰਾਣੀਆਂ ਤੋਂ ਮੁਕਤ ਹੁੰਦੀਆਂ ਹਨ। ਕੋਈ ਵੀ ਗੱਲ ਲੋਕਾਂ ਦੇ ਵਿਸ਼ਵਾਸ ਨੂੰ ਥੱਲੇ ਨਹੀਂ ਕਰ ਸਕਦੀ ਜੇਕਰ ਵਾਰਡਾਂ ਵਿੱਚ ਸਫਾਈ ਦੀ ਘਾਟ ਨਾ ਹੋਵੇ। ਇਸ ਲਈ ਉਹਨਾਂ ਨੂੰ ਚੰਗੇ ਘਰ ਰੱਖ ਰਖਾਵ, ਸਮਾਨ ਦੀ ਸਾਂਭ ਦੇ ਚੰਗੇ ਤਰੀਕੇ ਅਤੇ ਮਰੀਜ਼ ਦਾ ਭੌਤਿਕ ਵਾਤਾਵਰਣ ਜਿਸ ਵਿੱਚ ਫਰਸ਼ ਪਰਦੇ, ਪੇਂਟ ਹੋਈਆਂ ਵਸਤਾਂ ਅਤੇ ਸਿੰਕ ਸ਼ਾਮਿਲ ਹਨ ਬਾਰੇ ਜਾਣਨਾ ਚਾਹੀਦਾ ਹੈ। ਸਫ਼ਾਈ ਅਤੇ ਸਲੀਕੇਦਾਰੀ ਇਕ ਦੂਜੇ ਦੇ ਪੂਰਕ ਹਨ, ਜਿਥੇ ਸਲੀਕੇਦਾਰੀ ਹੈ ਉਥੇ ਸ਼ਾਂਤੀ ਹੈ। ਅਸੀਂ ਇਸ ਗੱਲ ਦਾ ਅੰਦਾਜ਼ਾ ਲਗਾ ਸਕਦੇ ਹਾਂ ਕਿ ਹਸਪਤਾਲ ਦੇ ਵਾਰਡ ਵਿੱਚ ਖਿਲਰੇ ਪਏ ਸਮਾਨ ਨਾਲ ਕਿੰਨੀ ਬੇਕਦਰੀ ਹੁੰਦੀ ਹੈ ਅਤੇ ਇਸ ਤੋਂ ਵੀ ਵੱਧ ਕੂੜਾ ਫਰਸ਼ ਉਤੇ ਹੋਵੇ ਅਤੇ ਗੰਦੇ ਕੱਪੜੇ ਸਿਰਿਆਂ ਤੇ ਜਾਂ ਵਾਰਡ ਦੇ ਕੋਨਿਆਂ 'ਚ ਪਏ ਹੋਣ, ਬੁਰੇ ਲੱਗਦੇ ਹਨ। ਦੂਜੇ ਪਾਸੇ ਸਾਫ਼ ਬਿਸਤਰੇ, ਤਰਤੀਬ ਵਿੱਚ ਫਰਨੀਚਰ, ਸਾਫ਼ ਸਮਾਨ ਅਤੇ ਸਹੀ ਢੰਗ ਨਾਲ ਰੱਖੀਆਂ ਹੋਰ ਵਸਤਾਂ, ਸਭ ਮਿਲ ਕੇ ਇਕ ਆਕਰਸ਼ਕ ਆਲਾ ਦੁਆਲਾ ਬਣਾਉਂਦੀਆਂ ਹਨ। ਇਕ ਆਕਰਸ਼ਕ ਆਲਾ ਦੁਆਲਾ ਗਾਹਕਾਂ ਅਤੇ ਵਿੱਚ ਆਤਮਵਿਸ਼ਵਾਸ਼ ਪੈਦਾ ਕਰਦਾ ਹੈ ਅਤੇ ਕਾਮਿਆਂ ਦੇ ਹੌਂਸਲੇ ਨੂੰ ਵਧਾਉਂਦਾ ਹੈ।

### ਸਫਾਈ ਦਾ ਮੰਤਵ

- ਫਰਸ਼ ਦੀ ਸਫਾਈ ਰੱਖਣਾ ਤਾਂ ਜੋ ਮਿੱਟੀ ਘੱਟਾ ਇਕੱਠਾ ਨਾ ਹੋ ਸਕੇ।
- ਸਾਰੀ ਧੂੜ ਸਾਫ਼ ਹੋ ਸਕੇ ਤੇ ਜੀਵ ਜੰਤੂਆਂ ਨੂੰ ਪੈਦਾ ਹੋਣ ਦਾ ਮੌਕਾ ਨਾ ਮਿਲ ਸਕੇ।
- ਚੀਜਾਂ ਦੀ ਇਸਤੇਮਾਲ ਕਰਨ ਦੀ ਸਮਰੱਥਾ ਵਧਾਉਣ ਲਈ।
- ਚੀਜਾਂ ਨੂੰ ਇਸ ਢੰਗ ਨਾਲ ਸਾਫ਼ ਰੱਖਣਾ ਕਿ ਉਹ ਕਦੇ ਵੀ ਵਰਤੋਂ ਵਿੱਚ ਲਿਆਂਦੀਆਂ ਜਾ ਸਕਣ।
- ਚੀਜਾਂ ਨੂੰ ਸੁੰਦਰਮਈ ਢੰਗ ਨਾਲ ਦਰਸਾਉਣ ਲਈ।

## ਅਭਿਆਸ

1. ਨਜ਼ਦੀਕ ਪੈਂਦੇ ਹਸਪਤਾਲ ਵਿੱਚ ਜਾਓ ਅਤੇ ਵਾਰਡਾਂ ਦੀ ਸਫ਼ਾਈ ਲਈ ਵਰਤੇ ਜਾਂਦੇ ਸਮਾਨ ਨੂੰ ਜਾਂਚੋ। ਇਸ ਸਮਾਨ ਨੂੰ ਦੇਖਣ ਬਾਅਦ ਉਸਦੀ ਇਕ ਸੂਚੀ ਤਿਆਰ ਕਰੋ ਅਤੇ ਵਰਤੋਂ ਦੇ ਤਰੀਕੇ ਲਿਖੋ।
2. **ਨਜ਼ਦੀਕ ਪੈਂਦੇ ਹਸਪਤਾਲ ਵਿੱਚ ਜਾਓ ਅਤੇ ਘਰ ਦੇ ਰੱਖ ਰਖਾਵ ਲਈ ਲੱਗੇ ਬੰਦਿਆਂ ਨੂੰ ਜਾਂਚੋ ਅਤੇ ਇਹਨਾਂ ਵਿੱਚੋਂ ਕਿਸੇ ਪੰਜ ਕਰਮਚਾਰੀਆਂ ਦੀ ਡਿਊਟੀ ਬਾਰੇ ਹੇਠ ਲਿਖੇ ਟੇਬਲ ਵਿੱਚ ਲਿਖੋ।**

| Personnel | Duties |
|---|---|
| | |
| | |
| | |
| | |
| | |



Downloaded from https:// www.studiestoday.com

Downloaded from https:// www.studiestoday.com

## ਮੁੱਲਾਂਕਣ

(ੳ) ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :

1. ਮਲ-ਮੂਤਰ ਨੂੰ ਕੀਟਾਣੂ ਰਹਿਤ ਕਰਨ ਦਾ ਕੀ ਤਰੀਕਾ ਹੈ ?

..........................................................................................

..........................................................................................

..........................................................................................

2. ਸਮਵਰਤੀ ਅਤੇ ਅਖੀਰਲੇ ਦੌਰ ਦੀ ਰੋਗਾਣੂ ਨਾਸ਼ਕ ਕਿਰਿਆ ਕੀ ਹੈ ?

..........................................................................................

..........................................................................................

..........................................................................................

3. ਗੰਧਕ ਨਾਲ ਧੂਣੀ ਦੀ ਪ੍ਰਕ੍ਰਿਆ ਨੂੰ ਵੇਰਵੇ ਸਹਿਤ ਦੱਸੋ।

..........................................................................................

..........................................................................................

..........................................................................................

4. ਇਕ ਇਕੱਲੀ ਇਕਾਈ ਦੇ ਪ੍ਰਬੰਧ ਵਿੱਚ ਜੀ.ਡੀ.ਏ. (GDA) ਦਾ ਕੀ ਯੋਗਦਾਨ ਹੈ ?

..........................................................................................

..........................................................................................

..........................................................................................

5. ਘਰ ਦੇ ਵਧੀਆ ਰੱਖ ਰਖਾਵ ਦੇ ਅਮਲ ਦੀ ਸੂਚੀ ਬਣਾਓ।

..........................................................................................

..........................................................................................

..........................................................................................

6. ਸਫ਼ਾਈ ਦਾ ਕੀ ਮੰਤਵ ਹੈ ?

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

## ਮੁੱਲਾਂਕਣ ਕਿਰਿਆ ਬਾਰੇ ਚੈੱਕਲਿਸਟ

ਹੇਠ ਲਿਖੀ ਚੈੱਕਲਿਸਟ ਦੀ ਵਰਤੋਂ ਕਰੋ ਜੇਕਰ ਤੁਸੀਂ ਮੁੱਲਾਂਕਣ ਕਿਰਿਆ ਸੰਬੰਧੀ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ।

**ਭਾਗ 'ੳ'**

ਹੇਠ ਲਿਖਿਆਂ ਵਿੱਚ ਫਰਕ ਪਤਾ ਕੀਤਾ—

1. ਸਮਵਰਤੀ ਅਤੇ ਅੰਤਲੇ ਦੌਰ ਦੀ ਰੋਗਾਣੂ ਨਾਸ਼ਕ।
2. ਸਫ਼ਾਈ ਅਤੇ ਸਲੀਕੇਦਾਰੀ।

**ਭਾਗ 'ਅ'**

ਹੇਠ ਲਿਖੇ ਬਾਰੇ ਸ਼੍ਰੇਣੀ ਵਿੱਚ ਚਰਚਾ ਹੋਈ—

1. ਹਸਪਤਾਲ ਵਿੱਚ ਸਫਾਈ ਦੀ ਮਹੱਤਤਾ
2. ਘਰ ਦੇ ਚੰਗੇ ਰੱਖ ਰਖਾਵ ਦਾ ਅਮਲ
3. ਇਕਹਿਰੀ ਇਕਾਈ ਦਾ ਪ੍ਰਬੰਧ
4. ਰੋਗਾਣੂ ਨਾਸ਼ਕ ਦੀਆਂ ਕਿਸਮਾਂ

**ਭਾਗ 'ੲ'**

ਪ੍ਰਦਰਸ਼ਨ ਪੱਧਰ

**ਪ੍ਰਦਰਸ਼ਨ ਪੱਧਰ ਵਿੱਚ ਸ਼ਾਮਿਲ ਹੈ ਪਰ ਹੱਦ ਨਹੀਂ :**

| ਪ੍ਰਦਰਸ਼ਨ ਪੱਧਰ (Performance Standard) | ਹਾਂ | ਨਾਂ |
|---|---|---|
| ਰੋਗਾਣੂ ਨਾਸ਼ਕ ਦੀ ਪ੍ਰਕ੍ਰਿਆ ਬਾਰੇ ਗਿਆਨ ਦਾ ਪ੍ਰਦਰਸ਼ਨ ਕਰੋ | | |
| ਘਰ ਦੇ ਚੰਗੇ ਰੱਖ-ਰਖਾਵ ਦੇ ਅਮਲਾਂ ਨੂੰ ਲਾਗੂ ਕਰੋ | | |
| ਇਕਹਿਰੀ ਇਕਾਈ ਦਾ ਪ੍ਰਭਾਵੀ ਢੰਗ ਨਾਲ ਪ੍ਰਬੰਧ ਕਰੋ | | |

—0—



Downloaded from https:// www.studiestoday.com

Downloaded from https:// www.studiestoday.com

# ਸੈਸ਼ਨ-2 : ਵਸਤਾਂ ਦੀ ਸੰਭਾਲ

## ਸੰਬੰਧਿਤ ਗਿਆਨ

ਇਸ ਸੈਸ਼ਨ ਵਿੱਚ ਤੁਸੀਂ ਵੱਖ-2 ਰਬੜ ਆਧਾਰਿਤ ਵਸਤਾਂ, ਵਾਰਡ ਦੀਆਂ ਵਸਤਾਂ ਅਤੇ ਹਸਪਤਾਲ ਵਿੱਚ ਵਰਤੇ ਜਾਂਦੇ ਸੰਦਾਂ ਬਾਰੇ ਸਿੱਖੋਗੇ। ਤੁਸੀਂ ਵੱਖ-2 ਢੰਗਾਂ ਰਾਹੀਂ ਦਾਗ ਉਤਾਰਨ ਬਾਰੇ ਵੀ ਪੜ੍ਹੋਗੇ।

### ਰਬੜ ਦੀਆਂ ਵਸਤਾਂ ਦੀ ਸੰਭਾਲ

ਰਬੜ ਦੀਆਂ ਵਸਤਾਂ ਜੋ ਆਮ ਵਰਤੋਂ ਵਿੱਚ ਹਨ ਜਿਵੇਂ ਕੁਸ਼ਨ, ਬਰਸਾਤੀ ਕੋਟ, ਗਰਮ ਪਾਣੀ ਦੀਆਂ ਬੋਤਲਾਂ, ਆਈਸ ਕੈਪਸ, ਆਈਸ ਕਾਲਰਜ਼, ਪਿਸ਼ਾਬ ਦੀਆਂ ਨਿਕਾਸ ਨਾਲੀਆਂ, ਗੁੱਦਾ ਟਿਊਬਾਂ, ਦਸਤਾਨੇ ਅਤੇ ਰਬੜ ਦੇ ਮੋਮਜਾਮੇ।

ਜੀ.ਡੀ.ਏ. (GDA) ਨੂੰ ਰਬੜ ਦੀਆਂ ਵਸਤਾਂ ਨੂੰ ਚਿਰਸਥਾਈ ਚਲਾਉਣ ਲਈ ਸਾਰੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਉਹਨਾਂ ਦੀ ਖਰੀਦ ਉਦੋਂ ਹੀ ਕਰਨੀ ਚਾਹੀਦੀ ਹੈ ਜਦੋਂ ਕਿ ਉਹਨਾਂ ਦੀ ਕਿਸਮ ਅਤੇ ਲੰਮਾ ਸਮਾਂ ਚੱਲਣ ਬਾਰੇ ਪੁੱਛ ਪੜਤਾਲ ਕਰ ਲਈ ਹੋਵੇ। ਕੁਦਰਤੀ ਅਤੇ ਸਿੰਥੈਟਿਕ ਰਬੜਾਂ ਹੌਲੀ-2 ਉਮਰ ਨਾਲ ਖਰਾਬ ਹੋ ਜਾਂਦੀਆਂ ਹਨ ਕਿਉਂਕਿ ਇਹ ਧੁੱਪ ਰੌਸ਼ਨੀ, ਸਿੱਲ ਅਤੇ ਰਸਾਇਣਾਂ ਦੇ ਅਸਰ ਹੇਠਾਂ ਹੁੰਦੀਆਂ ਹਨ। ਇਹਨਾਂ ਨੂੰ ਕਰੀਜ਼ ਤੇ ਤਹਿ ਲਾਉਣ ਤੋਂ ਬਿਨਾਂ ਹੀ ਵਰਤਣਾ ਚਾਹੀਦਾ ਹੈ ਅਤੇ ਇਹਨਾਂ ਨੂੰ ਸਥਿਰ ਕਰਨ ਲਈ ਪਿੰਨਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ। ਇਹਨਾਂ ਨੂੰ ਸੂਰਜ ਦੀ ਰੌਸ਼ਨੀ 'ਚ ਨਾ ਰੱਖੋ। ਉਬਲਦਾ ਪਾਣੀ ਰਬੜ ਨੂੰ ਤਬਾਹ ਕਰ ਦਿੰਦਾ ਹੈ। ਇਕ ਪਾਣੀ ਦੀ ਬੋਤਲ ਜੋ ਪਾਣੀ ਉਬਾਲ ਬੋਤਲ ਨਹੀਂ ਹੁੰਦੀ) ਰਬੜ ਦੀਆਂ ਵਸਤਾਂ ਨੂੰ ਕਦੇ ਵੀ ਬਨਾਵਟੀ ਗਰਮੀ, ਰੇਡੀਏਟਰ ਜਾਂ ਸਟੋਵ ਨਾਲ ਨਹੀਂ ਸੁਕਾਉਣਾ ਚਾਹੀਦਾ। ਉਹਨਾਂ ਨੂੰ ਗਰੀਸ ਅਤੇ ਤੇਜ਼ਾਬਾਂ ਤੋਂ ਵੀ ਮੁਕਤ ਰੱਖਣਾ ਚਾਹੀਦਾ ਹੈ। ਇਹਨਾਂ ਨੂੰ ਧਾਤੂ ਦੀਆਂ ਵਸਤਾਂ ਨਾਲ ਵੀ ਨਹੀਂ ਰੱਖਣਾ ਚਾਹੀਦਾ। ਕੋਈ ਵੀ ਤਰਲ ਜਿਹੜਾ ਉਹਨਾਂ ਤੇ ਗਿਰੇ ਉਸ ਨੂੰ ਤੁਰੰਤ ਹੀ ਸਾਫ਼ ਕਰ ਦੇਣਾ ਚਾਹੀਦਾ ਹੈ। ਉਹਨਾਂ ਨੂੰ ਜਮ੍ਹਾਂ ਕਰਨ ਸਮੇਂ ਧਿਆਨ ਰੱਖਿਆ ਜਾਵੇ ਕਿ ਦੋ ਧਰਾਤਲ ਇੱਕ ਦੂਜੇ ਨਾਲ ਨਾ ਜੁੜਨ। ਇਹਨਾਂ ਨੂੰ ਕਿਸੇ ਭਾਰ ਨਾਲ ਦਬਾਉਣਾ ਨਹੀਂ ਚਾਹੀਦਾ। ਉਹਨਾਂ ਦੀਆਂ ਗੰਢਾਂ ਵੀ ਨਹੀਂ ਬਣਾਉਣੀਆਂ ਚਾਹੀਦੀਆਂ। ਉਹਨਾਂ ਨੂੰ ਹੁੱਕਾਂ ਤੇ ਕਿਲਾਂ ਤੇ ਵੀ ਨਹੀਂ ਟੰਗਣਾ ਚਾਹੀਦਾ। ਉਹਨਾਂ ਨੂੰ ਵਰਤਣ ਤੋਂ ਪਹਿਲਾਂ ਰੋਗਾਣੂ ਮੁਕਤ ਕਰਨਾ ਜ਼ਰੂਰੀ ਹੈ। ਜੇਕਰ ਉਬਾਲਣ ਦੀ ਕ੍ਰਿਆ ਵਰਤੀ ਜਾਂਦੀ ਤਾਂ ਉਹਨਾਂ ਨੂੰ ਉਬਲਦੇ ਪਾਣੀ ਵਿੱਚ ਪਾ ਦਿਓ। ਜੇਕਰ ਆਟੋ ਕਲੇਵਿੰਗ (Autoclaving) ਦੀ ਵਰਤੋਂ ਹੁੰਦੀ ਹੈ ਤਾਂ ਇਹਨਾਂ ਵਸਤਾਂ ਨੂੰ ਘੱਟ ਦਬਾ ਨਾਲ (10 ਤੋਂ 15 ਮਿੰਟ) ਰੱਖਣ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।

### ਬਰਸਾਤੀ ਕੋਟ ਦੀ ਸਫ਼ਾਈ

1. ਇਸ ਕੋਟ ਨੂੰ ਇਕ ਮੇਜ਼ ਤੇ ਵਿਛਾ ਦਿਓ ਅਤੇ ਇਸ ਨੂੰ ਠੰਡੇ ਪਾਣੀ ਨਾਲ ਗਿਲਾ ਕਰੋ।
2. ਇਸ ਦੇ ਉਪਰਲੇ ਤਲ ਨੂੰ ਸਾਬਣ ਨਾਲ ਰਗੜੋ ਅਤੇ ਇਸ ਵਿੱਚ ਸਾਫ਼ ਕੱਪੜੇ ਅਤੇ ਤੌਲੀਏ ਦੀ ਵਰਤੋਂ ਕਰੋ।
3. ਦੂਜੇ ਪਾਸੇ ਘੁੰਮਾ ਦਿਓ ਅਤੇ ਉਪਰ ਵਾਲੀ ਪ੍ਰਕ੍ਰਿਆ ਦੁਹਰਾਓ।
4. ਦੋਨਾਂ ਤਲਾਂ ਨੂੰ ਚਲਦੇ ਪਾਣੀ ਵਿਚ ਧੋਵੋ।



Downloaded from https:// www.studiestoday.com

Downloaded from https:// www.studiestoday.com

5. ਜੇਕਰ ਦਾਗ ਲੱਗੇ ਹੋਣ, ਧਿਆਨ ਰੱਖਿਆ ਜਾਵੇ ਕਿ ਇਹਨਾਂ ਨੂੰ ਸਹੀ ਤਰੀਕੇ ਨਾਲ ਕਿਵੇਂ ਉਤਾਰਨਾ ਹੈ।
6. ਰੋਗਾਣੂ ਰਹਿਤ ਕਰਨ ਲਈ ਲਾਈਜ਼ੋਲ (Lyzol) ਜਾਂ ਡਿਟਾਲ (Dettol) ਦੀ ਵਰਤੋਂ ਕਰੋ (1:40 ਮਾਤਰਾ)
7. ਉਹਨਾਂ ਨੂੰ ਕਿਸੇ ਲੇਟਵੀਂ ਤਾਰ ਤੇ ਸੁਕਾਉਣ ਲਈ ਲਟਕਾ ਦਿਓ ਅਤੇ ਉਹਨਾਂ ਨੂੰ ਵਲ ਰਹਿਤ ਸਥਿਤੀ ਵਿੱਚ ਪਾਓ।
8. ਜਦੋਂ ਦੋਨੋਂ ਤਲ ਪੂਰੀ ਤਰ੍ਹਾਂ ਸੁੱਕ ਜਾਣ ਉਦੋਂ ਫਰੈਂਚ ਚਾਕ ਪਾਊਡਰ ਉਹਨਾਂ ਉੱਤੇ ਲਗਾ ਦਿਉ।
9. ਉਹਨਾਂ ਨੂੰ ਇਕ ਸਿੱਧੇ ਅਤੇ ਲਪੇਟਵੇਂ ਢੰਗ ਨਾਲ ਰੱਖੋ। ਇਸ ਗੱਲ ਦਾ ਧਿਆਨ ਰੱਖੋ ਕਿ ਰਬੜ ਦੇ ਦੋ ਕੋਟ ਇਕੱਠੇ ਨਾ ਹੋਣ ਸਗੋਂ ਇਹਨਾਂ ਨੂੰ ਕਾਗਜ਼ ਜਾਂ ਕੱਪੜੇ ਨਾਲ ਜੁਦਾ ਕੀਤਾ ਜਾਵੇ। ਇਹਨਾਂ ਨੂੰ ਹਨੇਰੀ ਠੰਡੀ ਹਵਾ ਰਹਿਤ ਥਾਂ ਵਿੱਚ ਭਾਂਡਿਆਂ 'ਚ ਪਾ ਕੇ ਰੱਖਣ ਦਾ, ਜਿਵੇਂ ਵੀ ਸੰਭਵ ਹੋਵੇ, ਕੀਤਾ ਜਾਵੇ।

### ਰਬੜ ਦੇ ਦਸਤਾਨਿਆਂ ਦੀ ਸੰਭਾਲ

**ਕਿਉਂਕਿ ਇਹ ਕੀਮਤੀ ਵਸਤਾਂ ਹਨ ਅਤੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ :**

1. ਇਹ ਗੱਲ ਦੀ ਮੰਗ ਹੈ ਕਿ ਦਸਤਾਨੇ ਪਹਿਨਣ ਵਾਲਾ ਹੱਥਾਂ ਤੇ ਪਾ ਕੇ ਇਹਨਾਂ ਨੂੰ ਧੋਵੇ ਜਿਵੇਂ ਉਹਨਾਂ ਨੂੰ ਖ਼ੂਨ ਰਹਿਤ ਕਰਨ ਲਈ ਅਤੇ ਹੋਰ ਵਸਤਾਂ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ।
2. ਉਹਨਾਂ ਨੂੰ ਹੱਥਾਂ ਤੋਂ ਹਟਾ ਕੇ ਸਾਬਣ ਤੇ ਠੰਡੇ ਪਾਣੀ ਨਾਲ ਧੋਇਆ ਜਾਂਦਾ ਹੈ, ਪਹਿਲਾਂ ਬਾਹਰਲੇ ਪਾਸਿਓਂ ਫੇਰ ਅੰਦਰਲੇ ਪਾਸੇ ਤੋਂ।
3. ਅੰਦਰੋਂ ਬਾਹਰੋਂ ਪਾਣੀ ਚੰਗੀ ਤਰ੍ਹਾਂ ਨਿਚੋੜ ਦਿਓ।
4. ਜਦੋਂ ਅਸੀਂ ਦਸਤਾਨੇ ਨੂੰ ਜੋ ਕਿ ਹਵਾ ਤੇ ਪਾਣੀ ਨਾਲ ਭਰਿਆ ਹੈ, ਡੁਬਾਉਂਦੇ ਹਾਂ ਤਦ ਇਸ ਵਿੱਚ ਸਾਨੂੰ ਛੇਕ ਅਤੇ ਤੁਪਕੇ ਦਿਖਾਈ ਦਿੰਦੇ ਹਨ। ਜੇਕਰ ਛੇਕ ਹੋਣਗੇ ਤਾਂ ਪਾਣੀ 'ਚ ਬੁਲਬੁਲੇ ਪੈਦਾ ਹੋਣਗੇ। ਫਟੇ ਦਸਤਾਨਿਆਂ ਨੂੰ ਜੁਦਾ ਕਰ ਦਿਓ।
5. ਉਹਨਾਂ ਨੂੰ ਸੁਕਣ ਲਈ ਲਟਕਾ ਦਿਓ। ਜਦੋਂ ਬਾਹਰਲਾ ਪਾਸਾ ਸੁੱਕ ਜਾਵੇ ਉਦੋਂ ਅੰਦਰਲਾ ਘੁਮਾ ਦਿਓ।
6. ਜਦੋਂ ਦੋਨੋਂ ਪਾਸੇ ਸੁੱਕ ਜਾਣ, ਉਹਨਾਂ ਅੰਦਰ ਤੇ ਬਾਹਰ ਪਾਊਡਰ ਲਗਾ ਦਿੱਤਾ ਜਾਂਦਾ ਹੈ ਅਤੇ ਉਸ ਨੂੰ ਉਸੇ ਆਕਾਰ ਵਿੱਚ ਸੱਜੇ ਅਤੇ ਖੱਬੇ ਰੈਪਰ ਵਿਚ ਲਪੇਟ ਦਿੱਤਾ ਜਾਂਦਾ ਹੈ। ਥੋੜੇ ਜਿਹੇ ਪਾਊਡਰ ਦਾ ਹਿੱਸਾ ਹੱਥਾਂ ਨੂੰ ਲਗਾਉਣ ਲਈ ਦਸਤਾਨਿਆਂ ਦੇ ਕਫ਼ ਵਿੱਚ ਰੱਖ ਲਿਆ ਜਾਂਦਾ ਹੈ।
7. ਫਟੇ ਹੋਏ ਦਸਤਾਨਿਆਂ ਤੇ ਪੈਚ ਲਗਾ ਦਿੱਤੇ ਜਾਂਦੇ ਹਨ ਅਤੇ ਇਹਨਾਂ ਨੂੰ ਤਾਪ ਵਿੱਚੋਂ ਲੰਘਾ ਕੇ ਦੂਜੀ ਵਾਰ ਵਰਤਣਯੋਗ ਬਣਾਇਆ ਜਾਂਦਾ ਹੈ।
8. ਦਸਤਾਨਿਆਂ ਨੂੰ ਕੀਟਾਣੂ ਰਹਿਤ ਕਰਨ ਲਈ ਦਬਾ ਥੱਲੇ ਭਾਫ ਸਭ ਤੋਂ ਵਧੀਆ ਤਰੀਕਾ ਹੈ। ਦਬਾਅ ਘੱਟੋ ਘੱਟ ਰੱਖਿਆ ਜਾਂਦਾ ਹੈ ਤਾਂ ਕਿ ਦਸਤਾਨਿਆਂ ਨੂੰ ਪਿਘਲਣ ਤੋਂ ਬਚਾਇਆ ਜਾ ਸਕੇ।

### ਰਬੜ ਦੀਆਂ ਟਿਊਬਾਂ ਦੀ ਸੰਭਾਲ

ਪਿਸ਼ਾਬ ਦੀ ਨਿਕਾਸ ਵਾਲੀ ਨਲੀ, ਗੁੱਦਾ ਸੰਬੰਧੀ ਟਿਊਬ, ਫੁੱਲੀਆਂ ਹੋਈਆਂ ਟਿਊਬਾਂ, ਹਾਇਲਜ਼ ਟਿਊਬਾਂ ਅਤੇ ਖ਼ੂਨ ਚੜ੍ਹਾਉਣ ਵਾਲੇ ਸੈੱਟ।

ਪਿਸ਼ਾਬ ਦੀ ਨਿਕਾਸ ਨਲੀ ਅਕਾਰ ਤੇ ਕਿਸਮ ਵੱਜੋਂ ਵੱਖ-2 ਹੁੰਦੀਆਂ ਹਨ ਜੋ ਵਿਸ਼ੇਸ਼ ਲੋੜ ਅਨੁਸਾਰ ਬਣਾਈਆਂ ਹੁੰਦੀਆਂ ਹਨ। ਇਹਨਾਂ ਨਾਲੀਆਂ ਉੱਤੇ ਫਰੈਂਚ ਅਤੇ ਅੰਗਰੇਜ਼ੀ ਭਾਸ਼ਾ ਦੇ ਨਾਮ ਲਿਖੇ ਹੁੰਦੇ ਹਨ। ਜਦੋਂ ਇਹਨਾਂ ਨੂੰ ਚੂਸਣ ਲਈ



Downloaded from https:// www.studiestoday.com

Downloaded from https:// www.studiestoday.com

ਵਰਤਿਆ ਜਾਂਦਾ ਹੈ ਉਦੋਂ ਇਕ ਭਾਰੀ ਸ਼ੋਰ ਸ਼ਰਾਬੇ ਵਾਲੀ ਟਿਊਬ ਲੋੜੀਂਦੀ ਹੈ। ਜਦੋਂ ਜ਼ਿਆਦਾ ਲਚਕ ਦੀ ਲੋੜ ਹੁੰਦੀ ਹੈ ਤਾਂ ਇਕ ਪਤਲੀ ਕੰਧ ਵਾਲੀ ਟਿਊਬ ਲੋੜੀਂਦੀ ਹੈ। ਟਿਊਬ ਨੂੰ ਸਾਫ਼ ਰੱਖਣ ਲਈ ਯਾਦ ਰੱਖਣਯੋਗ ਗੱਲਾਂ ਹੇਠ ਲਿਖੀਆਂ ਹਨ :

1. ਵਰਤੋਂ ਤੋਂ ਬਾਅਦ ਚਲਦੇ ਪਾਣੀ ਵਿੱਚ ਧੋ ਦਿਓ, ਇਸ ਤਰ੍ਹਾਂ ਕਿ ਉਹਨਾਂ ਦਾ ਮੂੰਹ ਉੱਪਰ ਹੋਵੇ ਤੇ ਸਾਰਾ ਪਾਣੀ ਇਹਨਾਂ ਟਿਊਬਾਂ 'ਚੋਂ ਲੰਘੇ।
2. ਛੋਟੀ ਮਾਤਰਾ ਵਿੱਚ ਆਰਗੈਨਿਕ (Organic) ਮਾਦਾ ਅੱਖ ਦੇ ਸਿਰੇ ਤੇ ਰੱਖਿਆ ਜਾਵੇ, ਇਹਨਾਂ ਨੂੰ ਥੁਕ ਵਾਲੀ ਸਟਿੱਕ ਨਾਲ ਪਾਸੇ ਕਰ ਦਿਉ।
3. ਇਹਨਾਂ ਨੂੰ ਸਾਬਣ ਤੇ ਨਿੱਘੇ ਪਾਣੀ ਨਾਲ ਗੰਦਗੀ ਅਤੇ ਗਰੀਸ ਉਤਾਰਨ ਲਈ ਸਾਫ਼ ਕਰੋ।
4. ਇਹਨਾਂ ਨੂੰ ਫੇਰ ਚਲਦੇ ਪਾਣੀ ਵਿੱਚ ਧੋਵੋ।
5. ਟਿਊਬਾਂ ਨੂੰ ਪੰਜ ਮਿੰਟ ਤੱਕ ਉਬਲਦੇ ਪਾਣੀ 'ਚ ਉਬਾਲੋ ਅਤੇ ਲਟਕਾ ਕੇ ਸੁਕਓ।
6. ਜਦੋਂ ਸੁੱਕ ਜਾਣ ਇਹਨਾਂ ਤੇ ਪਾਊਡਰ ਲਗਾ ਦਿਓ ਤੇ ਹਵਾਬੰਦ ਢੱਕਣਾਂ ਵਿੱਚ ਰੱਖ ਦਿਓ।
7. ਉਹਨਾਂ ਨੂੰ ਮੁੜ ਉਬਾਲੋ ਜਾਂ ਵਰਤਣ ਤੋਂ ਪਹਿਲਾਂ ਆਟੋ ਕਲੇਵ (auto clave) ਕਰੋ।

ਰਬੜ ਦੀਆਂ ਟਿਊਬਾਂ ਪੇਰੈਂਟਰਲ ਥੈਰੇਪੀ ਲਈ ਖਾਸ ਧਿਆਨ ਦੀ ਮੰਗ ਕਰਦੀਆਂ ਹਨ। ਇਸ ਨੂੰ ਡਿਟਰਜੈਂਟ ਦੇ ਘੋਲ ਨਾਲ ਧੋਣਾ ਚਾਹੀਦਾ ਹੈ। ਫਿਰ ਪਾਣੀ ਅਤੇ ਅੰਤ ਵਿੱਚ ਸਾਫ਼ ਕੀਤੇ ਪਾਣੀ ਨਾਲ ਧੋਣਾ ਚਾਹੀਦਾ ਹੈ। ਅੰਦਰ ਚੜ੍ਹਾਉਣ ਵਾਲਾ ਘੋਲ ਨਵੀਂ ਟਿਊਬ ਰਾਹੀਂ ਅਜਿਹੀਆਂ ਵਸਤਾਂ ਨਾਲ ਭਰਿਆ ਹੁੰਦਾ ਹੈ ਜੋ ਕਿ ਮਰੀਜ਼ ਲਈ ਸੁਖਾਵੀਆਂ ਨਹੀਂ। ਇਸ ਅਸਹਿਣਯੋਗ ਕੰਮ ਨੂੰ ਠੀਕ ਕਰਨ ਲਈ ਟਿਊਬਾਂ ਨੂੰ 30 ਮਿੰਟ ਲਈ 10% ਸੋਡਾ ਬਾਈਕਾਰਬੋਨੇਟ ਦੇ ਘੋਲ ਵਿੱਚ ਉਬਾਲਿਆ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਸੋਡਾ ਬਾਈਕਾਰਬੋਨੇਟ ਨੂੰ ਪੂਰੀ ਤਰ੍ਹਾਂ ਟਿਊਬਾਂ 'ਚੋਂ ਹਟਾ ਦਿੱਤਾ ਜਾਵੇ। ਜੋ ਟਿਊਬ ਖੂਨ ਚੜ੍ਹਾਉਣ ਲਈ ਵਰਤੀ ਗਈ ਹੈ ਉਸ ਨੂੰ ਵਰਤੋਂ ਤੋਂ ਬਾਅਦ ਤੁਪਕਾ ਰਹਿਤ ਕਰ ਦਿਓ। ਇਸ ਗੱਲ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੋ ਟਿਊਬਾਂ ਖ਼ੂਨ ਨਾਲ ਭਰੀਆਂ ਹੁੰਦੀ ਹਨ ਇਹਨਾਂ ਦੀ ਫੇਰ ਖ਼ੂਨ ਚੜਾਉਣ ਲਈ ਵਰਤੋਂ ਨਾ ਕਰੋ ਕਿਉਂਕਿ ਇਹਨਾਂ ਨੂੰ ਪੂਰੀ ਤਰ੍ਹਾਂ ਸਾਫ਼ ਨਹੀਂ ਕੀਤਾ ਜਾ ਸਕਦਾ। ਚੰਗੀ ਗੱਲ ਹੋਵੇ ਕਿ ਸੁਟਣਯੋਗ ਟਿਊਬਾਂ ਹੀ ਵਰਤੀਆਂ ਜਾਣ ਜੋ ਕਿ ਮਾਰਕੀਟ ਵਿੱਚ ਮਿਲਦੀਆਂ ਹਨ। ਕੁੱਝ ਪਿਸ਼ਾਬ ਨਿਕਾਸ ਨਾਲੀਆਂ ਜੋ ਕਿ ਗਰਮੀ ਅਤੇ ਸਿਲ੍ਹ ਨਾਲ ਖ਼ਤਮ ਹੋ ਜਾਂਦੀਆਂ ਹਨ ਇਹਨਾਂ ਨੂੰ ਫਾਰਮਾਲਿਨ ਗੋਲੀਆਂ ਰਾਹੀਂ ਰੋਗਾਣੂ ਮੁਕਤ ਕੀਤਾ ਜਾਂਦਾ ਹੈ।

ਸਖਤ ਰਬੜ ਟਿਪਸ ਜੋ ਸਫ਼ਾਈ ਲਈ ਅਤੇ ਸ਼ਰੀਰ ਵਿੱਚ ਦਵਾਈ ਪਹੁੰਚਾਉਣ ਲਈ ਵਰਤੇ ਜਾਂਦੇ ਹਨ, ਇਹਨਾਂ ਤੇ ਵੀ ਖਾਸ ਧਿਆਨ ਦੇਣ ਦੀ ਲੋੜ ਹੈ। ਇਹਨਾਂ ਨੂੰ ਵੱਖ-ਵੱਖ ਸ਼ਕਲਾਂ ਵਿੱਚ ਢਾਲਿਆ ਜਾਂਦਾ ਹੈ। ਇਹ ਗੱਲ ਜ਼ਰੂਰੀ ਹੈ ਕਿ ਟਿਪਸ ਦੀ ਪਹਿਲੀ ਸ਼ਕਲ ਕਾਇਮ ਰਹੇ। ਗਰਮੀ ਨਾਲ ਰਬੜ ਨਰਮ ਹੋ ਜਾਂਦੀ ਹੈ ਤੇ ਉੱਪਰ ਨੂੰ ਜਾਣ ਵਾਲੀ ਸਿੱਧੀ ਟਿਪ ਉੱਤੇ ਟਿਪ ਨੂੰ ਘਟਾਉਂਦੀ ਹੈ ਅਤੇ ਪਾਲਿਸ਼ ਕੀਤੇ ਤਲ ਤੇ ਖੁਰਦਰਾਪਣ ਲਿਆਉਂਦੀ ਹੈ। ਇਹਨਾਂ ਕਾਰਨਾਂ ਕਰਕੇ ਅਜਿਹੇ ਯੰਤਰ ਰਸਾਇਣਾਂ ਨਾਲ ਰੋਗਾਣੂ ਮੁਕਤ ਕੀਤੇ ਜਾਂਦੇ ਹਨ।

### ਹਵਾ ਵਾਲੇ ਸਿਰਹਾਣੇ, ਰਬੜ ਦੇ ਬਿਸਤਰੇ, ਗਰਮ ਪਾਣੀ ਦੀਆਂ ਬੋਤਲਾਂ, ਆਈਸ ਕੈਪਸ ਅਤੇ ਆਈਸ ਕਾਲਰਜ਼ ਦੀ ਸਾਫ਼ ਸਫ਼ਾਈ

ਹਵਾ ਭਰੇ ਸਿਰਹਾਣੇ ਅਤੇ ਬਿਸਤਰਿਆਂ ਨੂੰ ਸਾਫ਼ ਕਰਨ ਲਈ ਕਦੇ ਵੀ ਉਸ ਅੰਦਰ ਪਾਣੀ ਨਾ ਭਰੋ। ਪਾਣੀ ਨਾਲ ਬਾਹਰੀ ਸਤਹ ਨੂੰ ਹੀ ਸਾਫ਼ ਕਰੋ। ਸਫ਼ਾਈ ਦੇ ਦੌਰਾਨ ਇਸ ਨੂੰ ਹਵਾ ਨਾਲ ਨਹੀਂ ਭਰਿਆ ਜਾਵੇਗਾ ਕਿਉਂਕਿ ਰਗੜਾਈ ਦੌਰਾਨ ਵਸਤਾਂ ਦੇ ਸਾਰੇ ਸਿਰਿਆਂ ਤੇ ਦਬਾਅ ਪਾਉਣ ਦਾ ਰੁਝਾਨ ਹੁੰਦਾ ਹੈ ਅਤੇ ਉਹ ਤਿੜਕ ਸਕਦੇ ਹਨ। ਹਵਾ ਭਰੇ ਸਿਰਹਾਨਿਆ ਦੇ ਅਤੇ ਬਿਸਤਰਿਆਂ ਨੂੰ ਕਦੇ ਵੀ ਪਾਣੀ ਵਿੱਚ ਨਾ ਡੁਬੋਵੋ ਕਿਉਂਕਿ ਇਹ ਇਹਨਾਂ ਨੂੰ ਖ਼ਰਾਬ ਕਰ ਦਿੰਦਾ ਹੈ। ਇਹੋ ਇਕ ਕਾਰਨ ਹੈ ਕਿ ਉਹ ਤਰਤੀਬ ਵਿੱਚ ਨਹੀਂ ਰਹਿੰਦੇ। ਸਫ਼ਾਈ ਕਰਨਾ ਅਤੇ ਉਹਨਾਂ ਨੂੰ ਸੰਭਾਲ ਕੇ ਰੱਖਣਾ ਜਿਵੇਂ ਕਿ ਦੂਜੀਆਂ ਰਬੜ ਦੀਆਂ ਵਸਤਾਂ ਰੱਖੀਆਂ ਹੁੰਦੀਆਂ ਹਨ ਸਿਵਾਏ ਇਸ ਦੇ ਕਿ ਇਹਨਾਂ ਵਿੱਚ ਥੋੜੀ ਜਿਹੀ ਹਵਾ ਭਰੀ ਜਾਂਦੀ ਹੈ ਤਾਂ ਕਿ ਦੋਨੋ ਤਲ ਇਕ ਦੂਜੇ ਦੇ ਨੇੜੇ ਨਾ ਆ ਸਕਣ।



Downloaded from https:// www.studiestoday.com

Downloaded from https:// www.studiestoday.com

ਗਰਮ ਬੋਤਲਾਂ ਦੇ ਸੰਬੰਧ ਵਿੱਚ ਅਤੇ ਆਈਸ ਕੈਪ ਤੇ ਆਈਸ ਕਾਲਰ ਵਰਤਣ ਤੋਂ ਤੁਰੰਤ ਮਗਰੋਂ ਖਾਲੀ ਕਰ ਦਿਓ। ਇਹਨਾਂ ਨੂੰ ਧੋਵੋ ਅਤੇ ਸੁਕਾਉ ਜਿਵੇਂ ਕਿ ਦੂਜੀਆਂ ਵਸਤਾਂ ਕੀਤੀਆਂ ਜਾਂਦੀਆਂ ਹਨ। ਥੈਲਿਆਂ ਨੂੰ ਉਪਰੋਂ ਹੇਠਾਂ ਲਟਕਾਓ ਤਾਂ ਕਿ ਪਾਣੀ ਥੱਲੇ ਨੁੱਚੜ ਜਾਵੇ। ਹਵਾ ਦੇ ਬੈਗ ਜਿਹਨਾਂ ਨੂੰ ਕੱਪੜੇ ਦੇ ਟੁੱਕੜੇ ਨਾਲ ਸੁਕਾਇਆ ਜਾਂਦਾ ਹੈ ਜਦੋਂ ਬੈਗ ਪੂਰੀ ਤਰ੍ਹਾਂ ਸੁੱਕ ਜਾਣ ਫਿਰ ਇਹਨਾਂ ਨੂੰ ਹਵਾ ਨਾਲ ਭਰ ਦਿਓ। ਹਵਾ ਭਰੇ ਸਿਰਹਾਣੇ, ਆਈਸ ਬੈਗ ਅਤੇ ਆਈਸ ਕਾਲਰ ਨੂੰ ਰੋਗਾਣੂ ਰਹਿਤ ਕਰਕੇ ਧੋਣ ਲਈ ਲਾਂਡਰੀ ਵਿੱਚ ਭੇਜਿਆ ਜਾਂਦਾ ਹੈ।

### ਝਾਲ (Enamel) ਵਾਲੀਆਂ ਵਸਤਾਂ ਦਾ ਰੱਖ ਰਖਾਵ ਜਾਂ ਸੰਭਾਲ

ਆਮ ਵਰਤੋਂ ਵਾਲੀਆਂ ਵਸਤਾਂ ਵਿੱਚ ਬੈੱਡ ਪੈਨਜ਼, ਯੂਰੀਨਲਜ਼, ਕਿਡਨੀ ਟਰੇਅਜ਼, ਥੁੱਕ ਵਾਲੇ ਕੱਪ ਅਤੇ ਫੀਡਿੰਗ ਕੱਪ ਤੇ ਟਰੇਅ ਹਨ।

ਝਾਲ ਵਾਲੀਆਂ ਵਸਤਾਂ ਦੀ ਪਾਲਿਸ਼ ਗਰਮੀ ਨਾਲ ਉਤਰ ਜਾਂਦੀ ਹੈ, ਇਸ ਤੋਂ ਬਿਨਾਂ ਮਰਕਿਊਰਿਕ ਸਾਲਟ, ਤੇਜ਼ਾਬ, ਅਲਕਲੀਜ਼ ਅਤੇ ਰਸਾਇਣ ਵੀ ਪਾਲਿਸ਼ ਨੂੰ ਹਟਾਉਂਦੇ ਹਨ। ਜੇ ਝਾਲ ਵਾਲੀਆਂ ਵਸਤਾਂ ਨੂੰ ਫਰਸ਼ ਤੇ ਸੁੱਟੀਏ ਜਾਂ ਬੇਧਿਆਨੀ ਨਾਲ ਵਰਤੀਏ ਤਦ ਇਹ ਭੁਰ ਜਾਂਦੇ ਹਨ ਜੇਕਰ ਤਿੱਖੇ ਸੰਦਾਂ ਨਾਲ ਰਗੜੀਏ ਤਦ ਵੀ ਇਹ ਭੁਰ ਜਾਂਦੇ ਹਨ।

### ਬੈੱਡ ਪੈਨਜ਼ ਦਾ ਰੱਖ-ਰਖਾਵ ਜਾਂ ਸੰਭਾਲ

1. ਬੈੱਡ ਪੈਨ ਖਾਲੀ ਕਰਨ ਤੋਂ ਪਹਿਲਾਂ ਇਸ ਵਿੱਚ ਪਿਆ ਸਮਾਨ ਜਾਂਚ ਲਵੋ ਜੇਕਰ ਸੂਤੀ ਸਪੰਜ ਜਾਂ ਸਫ਼ਾਈ ਪੈੱਡ ਬੈੱਡ ਪੈੱਨ ਵਿੱਚ ਸੁੱਟੇ ਹੋਏ ਹਨ ਤਾਂ ਉਹਨਾਂ ਨੂੰ ਵਿਸ਼ੇਸ਼ ਜੰਤਰ ਰਾਹੀਂ ਕੱਢ ਲਿਆ ਜਾਂਦਾ ਹੈ ਜੋ ਇਸ ਮੰਤਵ ਲਈ ਹੀ ਹੁੰਦਾ ਹੈ।
2. ਬੈੱਡ ਪੈੱਨ ਨੂੰ ਲੈਵੇਟਰੀ ਪੈੱਨ ਵਿੱਚ ਸੁੱਟ ਦਿਓ। ਧਿਆਨ ਰੱਖਿਆ ਜਾਵੇ ਕਿ ਉਸਦੇ ਪਾਸੇ ਗਿੱਲੇ ਨਾ ਹੋਣ।
3. ਬੈੱਡ ਪੈੱਨ ਨੂੰ ਠੰਡੇ ਜ਼ੋਰਦਾਰ ਪਾਣੀ ਨਾਲ ਸਾਫ਼ ਕਰ ਦਿਓ।
4. ਸਾਬਣ ਤੇ ਬੁਰਸ਼ ਦੀ ਵਰਤੋਂ ਕਰਕੇ ਉਸ ਨੂੰ ਕੋਸੇ ਪਾਣੀ ਨਾਲ ਧੋ ਦਿਓ। ਦਾਗ਼ ਉਤਾਰਨ ਲਈ ਵਿਮ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਦਿਉ।
5. ਬੈੱਡ ਪੈੱਨ ਨੂੰ ਰੋਗਾਣੂ ਰਹਿਤ ਕਰਨ ਲਈ ਲਾਈਜ਼ੋਲ ਵਿੱਚ ਇੱਕ ਘੰਟਾ ਡੁਬੋ ਕੇ ਰੱਖੋ ਜਾਂ ਇਹਨਾਂ ਨੂੰ ਬੈੱਡ ਪੈੱਨ ਸਟਰਲਾਈਜ਼ਰ ਨਾਲ ਰੋਗਾਣੂ ਰਹਿਤ ਕਰੋ।
6. ਬੈੱਡ ਪੈੱਨ ਨੂੰ ਸਿੱਧੀ ਰੋਸ਼ਨੀ 'ਚ ਕੁੱਝ ਘੰਟੇ ਰੱਖਿਆ ਜਾਵੇ ਤਾਂ ਕਿ ਉਹਨਾਂ ਦੇ ਰੋਗਾਣੂ ਨਸ਼ਟ ਹੋ ਜਾਣ।
7. ਉਹਨਾਂ ਨੂੰ ਸੁੱਕਾ ਕੇ ਰੈਕ ਉੱਤੇ ਰੱਖ ਦਿਓ ਤਾਂ ਕਿ ਅੱਗੇ ਉਹਨਾਂ ਦੀ ਵਰਤੋਂ ਕੀਤੀ ਜਾ ਸਕੇ।

### ਯੂਰੀਨਲਜ਼ ਦੀ ਸਾਂਭ ਸੰਭਾਲ

ਲੰਬੇ ਸਮੇਂ ਤੱਕ ਯੂਰੀਨਲ ਨੂੰ ਸਫ਼ਾਈ ਬਿਨਾਂ ਨਹੀਂ ਛੱਡਣਾ ਚਾਹੀਦਾ ਕਿਉਂਕਿ ਇਹਨਾਂ ਵਿੱਚ ਜਮ੍ਹਾਂ ਮੂਤਰ ਸਿਰਿਆਂ ਤੇ ਜੰਮ ਜਾਵੇਗਾ ਜਿਸ ਨੂੰ ਹਟਾਉਣਾ ਅਸੰਭਵ ਹੈ। ਸਫ਼ਾਈ ਤੇ ਰੋਗਾਣੂ ਰਹਿਤ ਉਸੇ ਤਰ੍ਹਾਂ ਹੀ ਕੀਤਾ ਜਾਵੇ ਜਿਵੇਂ ਬੈੱਡ ਪੈਨਜ਼ ਕੀਤੇ ਜਾਂਦੇ ਹਨ।

### ਕਿਡਨੀ ਟਰੇਅਜ਼ ਦੀ ਸਾਂਭ ਸੰਭਾਲ

ਕਿਡਨੀ ਟਰੇਅਜ਼ ਵੀ ਉਸੇ ਤਰ੍ਹਾਂ ਹੀ ਸਾਫ਼ ਕੀਤੀਆਂ ਜਾਣ ਜਿਵੇਂ ਕਿ ਬੈੱਡ ਪੈਨਜ਼।



Downloaded from https:// www.studiestoday.com

Downloaded from https:// www.studiestoday.com

### ਲਾਰ ਕੱਪਾਂ ਦੀ ਸਾਂਭ ਸੰਭਾਲ

ਰੋਗਾਣੂ ਰਹਿਤ ਲਾਰ ਨੂੰ ਲੈਵੇਟਰੀ ਪੈਂਨ ਵਿੱਚ ਖਾਲੀ ਕੀਤਾ ਜਾਵੇ। ਧਿਆਨ ਰੱਖਿਆ ਜਾਵੇ ਕਿ ਪੈਂਨ ਦੇ ਸਿਰੇ ਗਿੱਲੇ ਨਾ ਹੋਣ। ਰੋਗਾਣੂ ਵਾਲੀਲਾਰ (ਤਪਦਿਕ ਦੇ ਮਰੀਜ਼ ਦੀ) ਜਿਵੇਂ ਤਪਦਿਕ ਨੂੰ ਵੀ ਹਾਨੀ ਰਹਿਤ ਬਣਾਉਣ ਲਈ ਉਬਾਲ ਕੇ ਜਾ ਰਸਾਇਣਾਂ ਨਾਲ ਰੋਗਾਣੂ ਰਹਿਤ ਕਰਕੇ ਜਾਂ ਇਸ ਨੂੰ ਜਾਲ ਕੇ ਵੀ ਖ਼ਤਮ ਕੀਤਾ ਜਾ ਸਕਦਾ ਹੈ। ਲਾਰ ਕੱਪ ਨੂੰ ਵੀ ਸਾਫ਼ ਅਤੇ ਰੋਗਾਣੂ ਰਹਿਤ ਕਰਨ ਲਈ ਵੀ ਬੈੱਡ ਪੈਂਨ ਦੀ ਤਰ੍ਹਾਂ ਹੀ ਕੀਤਾ ਜਾਵੇ। ਮਰੀਜ਼ ਨੂੰ ਲਾਰ ਕੱਪ ਦੇਣ ਤੋਂ ਪਹਿਲਾਂ ਇਕ ਛੋਟਾ ਜਿਹਾ ਐਂਟੀਸੈਪਟਿਕ ਲੋਸ਼ਨ ਉਸ ਵਿੱਚ ਪਾ ਦਿਉ। ਜਿਸ ਦਾ ਮੁੱਖ ਮੰਤਵ ਲਾਰ ਦਾ ਸਿਰਿਆ ਤੇ ਨਾ ਚਿਪਕਣਾ ਹੈ।

### ਔਜ਼ਾਰਾਂ ਦੀ ਸਾਂਭ ਸੰਭਾਲ

#### ਤਿੱਖੇ ਔਜ਼ਾਰਾਂ ਦੀ ਸਾਂਭ ਸੰਭਾਲ

ਚਾਕੂ ਅਤੇ ਕੈਂਚੀਆਂ ਆਮ ਤੌਰ ਤੇ ਵਰਤੋਂ ਵਿੱਚ ਆਉਣ ਵਾਲੇ ਤਿਖੇ ਔਜ਼ਾਰ ਹਨ। ਇਹਨਾਂ ਦੇ ਤਿੱਖੇ ਸਿਰੇ ਭੱਦੀ ਵਰਤੋਂ ਨਾਲ ਖੁੰਡੇ ਹੋ ਜਾਂਦੇ ਹਨ। ਜਿਸ ਨਾਲ ਵੱਧ ਤਾਪਮਾਨ ਅਤੇ ਸਿੱਲ ਦਾ ਸਾਹਮਣਾ ਕਰਨਾ ਪੈਂਦਾ ਹੈ। ਤਿੱਖੇ ਔਜ਼ਾਰਾਂ ਨੂੰ ਗਰਮ ਹਵਾ ਦੇ ਨਾਲ ਰੋਗਾਣੂ ਰਹਿਤ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਇਕ ਘੰਟੇ ਲਈ 160°C ਤਾਪਮਾਨ ਤੇ ਰੱਖਿਆ ਜਾਂਦਾ ਹੈ। ਰਸਾਇਣਕ ਰੋਗਾਣੂ ਰਹਿਤ ਕਰਨ ਲਈ ਉਹਨਾਂ ਨੂੰ ਪੂਰੀ ਤਰ੍ਹਾਂ ਸ਼ੁਧ ਡਿਟਾਲ ਤੇ ਰੋਗਾਣੂ ਰਹਿਤ ਰਸਾਇਣਾਂ ਵਿੱਚ ਰੱਖਿਆ ਜਾਂਦਾ ਹੈ। ਹਰ ਰੋਗਾਣੂ ਰਹਿਤ ਰਸਾਇਣ ਦਾ ਅਸਰ ਪੂਰੀ ਤਰ੍ਹਾਂ ਜਾਂਚ ਮਗਰੋਂ ਹੀ ਕੀਤਾ ਜਾਵੇ।

#### ਦੂਜੇ ਔਜ਼ਾਰਾਂ ਦੀ ਸਾਂਭ ਸੰਭਾਲ

ਬਹੁਤ ਸਾਰੀ ਕਿਸਮ ਦੇ ਔਜ਼ਾਰ ਆਪਰੇਸ਼ਨ ਥੀਏਟਰ ਵਿੱਚ ਵਰਤੇ ਜਾਂਦੇ ਹਨ ਜਿਹਨਾਂ ਵਿੱਚ ਪੂਰੀ ਤਰ੍ਹਾਂ ਜੀਵਾਣੂ ਭਰੇ ਹੋਣ ਅਤੇ ਉਹ ਮਲੀਨ ਹੋਣ ਤੇ ਇਹ ਖ਼ਰਾਬ ਹੋਏ ਔਜ਼ਾਰ ਦਸਤਾਨੇ ਵਾਲੇ ਹੱਥਾਂ ਨਾਲ ਖੋਹਲੇ ਜਾ ਸਕਦੇ ਹਨ ਅਤੇ ਇਹਨਾਂ ਨੂੰ ਇਕ ਬਾਲਟੀ ਵਿੱਚ ਸੁੱਟਿਆ ਜਾ ਸਕਦਾ ਹੈ। ਇਹਨਾਂ ਔਜ਼ਾਰਾਂ ਨੂੰ ਚੰਗੀ ਤਰ੍ਹਾਂ ਠੰਡੇ ਪਾਣੀ ਵਿੱਚ ਧੋਵੋ ਤਾਂ ਕਿ ਇਹਨਾਂ ਤੇ ਲੱਗਿਆ ਖ਼ੂਨ ਤੇ ਹੋਰ ਮਾਦੇ ਦੂਰ ਹੋ ਜਾਣ। ਇਹਨਾਂ ਔਜ਼ਾਰਾਂ ਨੂੰ ਸੋਡੀਅਮ ਕਾਰਬੋਨੇਟ (2% ਘੋਲ) ਅਤੇ ਗਰਮ ਪਾਣੀ ਨਾਲ ਸਾਫ਼ ਕਰੋ। ਇਹਨਾਂ ਔਜ਼ਾਰਾਂ ਨੂੰ ਦੇਖ ਕੇ ਸਫ਼ਾਈ ਕੀਤੀ ਜਾਵੇ ਅਤੇ ਸਲੀਕੇ ਨਾਲ 'ਚ ਰੱਖ ਕੇ ਕੀਟਾਣੂ ਰਹਿਤ ਕਰਨ ਲਈ ਭੇਜਿਆ ਜਾਵੇ। ਉਹ ਔਜ਼ਾਰ ਜੋ ਸਾਫ਼ ਨਹੀਂ ਉਹਨਾਂ ਨੂੰ ਵੱਖਰੇ ਤੌਰ ਤੇ ਦੇਖਿਆ ਜਾਵੇ। ਰੇਗਮਾਰ ਅਤੇ ਸਾਬਣ, ਜੰਗਾਲ ਰੋਕਣ ਵਾਲੀ ਧਾਤ ਦੇ ਬਚਾਅ ਕਰਨ ਵਾਲੀ ਫਿਲਮ ਨੂੰ ਬਚਾਉਂਦੇ ਹਨ। ਇਹ ਫਿਲਮ ਬਣਾਉਣ ਵਾਲੇ (manufacturer) ਨੇ ਬਣਾਈ ਹੁੰਦੀ ਹੈ ਅਤੇ ਇਸ ਦਾ ਹਟਣਾ ਔਜ਼ਾਰ ਦੀ ਉਮਰ ਘਟਾਉਂਦਾ ਹੈ।

ਜਦੋਂ ਵੀ ਸੰਭਵ ਹੋਵੇ, ਦਬਾਅ ਥੱਲੇ ਭਾਫ ਔਜ਼ਾਰਾਂ ਨੂੰ ਜੀਵਾਣੂ ਰਹਿਤ ਕਰਨ ਲਈ ਵਰਤੀ ਜਾਂਦੀ ਹੈ। ਜਦੋਂ ਦਬਾਅ ਥੱਲੇ ਵਾਲੀ ਭਾਫ ਪ੍ਰਾਪਤ ਨਹੀਂ ਹੁੰਦੀ ਤਾਂ ਉਬਲਦਾ ਪਾਣੀ ਔਜ਼ਾਰਾਂ ਨੂੰ ਜੀਵਾਣੂ ਰਹਿਤ ਕਰਨ ਦਾ ਸਭ ਤੋਂ ਵਧੀਆ ਸਾਧਨ ਹੈ। ਜਿੰਨਾ ਵੱਧ ਸਮਾਂ ਆਪਾਂ ਔਜ਼ਾਰਾਂ ਨੂੰ ਉਬਾਲਾਂਗੇ, ਉਨੇ ਹੀ ਵੱਧ ਜੀਵਾਣੂਆਂ ਦੇ ਮਰਨ ਦੀ ਸੰਭਾਵਨਾ ਵਧੇਗੀ। ਉਬਾਲਣ ਦੇ ਨਿਯਮਾਂ ਨੂੰ ਯਾਦ ਰੱਖੋ।

### ਕੱਚ ਦੀਆਂ ਵਸਤਾਂ ਦੀ ਸਾਂਭ ਸੰਭਾਲ

ਜਦੋਂ ਆਪਾਂ ਕੱਚ ਨਾਲ ਬਣੀਆਂ ਚੀਜ਼ਾਂ ਖਰੀਦਦੇ ਹਾਂ। ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਆਪਾਂ ਸਖ਼ਤ ਕੱਚ ਖਰੀਦੀਏ ਜਿਸ ਵਿੱਚ ਗਰਮੀ ਤੇ ਮਕੈਨੀਕਲ ਝਟਕਾ ਸਹਿਣ ਦੀ ਸ਼ਕਤੀ ਹੋਵੇ। ਉਹਨਾਂ ਦੀ ਸਫ਼ਾਈ ਲਈ ਕੱਚ ਦਾ ਸਮਾਨ ਸਖ਼ਤ ਹੋਵੇ ਅਤੇ ਤਲ ਸਾਵਾਂ ਹੋਵੇ। ਧਰਤੀ ਵਾਲਾ ਸ਼ੀਸ਼ਾ ਪਾਣੀ ਤੇ ਭਾਫ਼ ਨਾਲ ਸੰਵੇਦਨਸ਼ੀਨ ਹੁੰਦਾ ਹੈ ਇਸ ਲਈ ਇਸ ਨੂੰ ਸੁੱਕੇ ਤਾਪ



Downloaded from https:// www.studiestoday.com

Downloaded from https:// www.studiestoday.com

ਨਾਲ ਰੋਗਾਣੂ ਰਹਿਤ ਕਰ ਲਿਆ ਜਾਵੇ। ਬਰੱਚ (Bruch) ਅਤੇ ਹਰ ਤਰ੍ਹਾਂ ਦੇ ਰੇਗਮਾਰਾਂ ਤੋਂ ਸਫ਼ਾਈ ਕਰਦੇ ਸਮੇਂ ਬਚਾਓ ਕਰ ਲਿਆ ਜਾਵੇ ਕਿਉਂਕਿ ਇਹਨਾਂ ਨਾਲ ਚੀਘਾਂ ਪੈ ਜਾਂਦੀਆਂ ਹਨ। ਠੰਡੇ ਵਗਦੇ ਪਾਣੀ ਦੇ ਨਾਲ ਸ਼ੀਸ਼ੇ ਤੇ ਜੰਮਿਆ ਮਾਦਾ ਉਤਾਰਨਾ ਜ਼ਰੂਰੀ ਹੈ। ਇਸ ਤਰ੍ਹਾਂ ਉਸ ਦੀ ਗੁਣਵੱਤਾ ਲੰਬੀ ਹੁੰਦੀ ਹੈ। ਕਿਤੇ ਇਹ ਨਾ ਹੋਵੇ ਕਿ ਉਹ ਸ਼ੀਸ਼ੇ ਤੇ ਜੰਮ ਜਾਣ ਅਤੇ ਉਹਨਾਂ ਨੂੰ ਉਤਾਰਨਾ ਔਖ਼ਾ ਹੋ ਜਾਵੇ। ਪੂਰੇ ਜ਼ੋਰ ਨਾਲ ਪਾਣੀ ਚਲਾ ਕੇ ਸ਼ੀਸ਼ੇ ਨੂੰ ਸਾਫ਼ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। Parentral Therapy ਲਈ ਵਰਤਿਆ ਜਾਣ ਵਾਲੇ ਕੱਚ ਦੇ ਸਮਾਨ ਨੂੰ ਤਾਜ਼ੇ ਸਾਫ਼ ਕੀਤੇ ਪਾਣੀ ਨਾਲ ਧੋ ਕੇ ਸੁੱਕਾ ਦੇਣਾ ਚਾਹੀਦਾ ਹੈ। ਜੇਕਰ ਇਸ ਤੇ ਕੋਈ ਗਰੀਸ ਜੰਮਿਆ ਹੋਇਆ ਤਾ ਫਿਲਮ ਟੁੱਟ ਜਾਵੇਗੀ ਤੇ ਪਾਣੀ ਦੇ ਤੁਪਕੇ ਪੈਦਾ ਹੋ ਜਾਣਗੇ। ਸ਼ੀਸ਼ੇ ਵਿੱਚ ਆਈ ਤਰੇੜ ਜਦੋਂ ਇਸ ਨੂੰ ਸਾਫ਼ ਪਾਣੀ ਦੇ ਬਰਤਨਾਂ ਵਿੱਚ ਰੱਖਿਆ ਜਾਂਦਾ ਹੋਵੇ, ਉਹਨਾਂ ਨੂੰ ਉਦੋਂ ਪੁੱਠੇ ਕਰਕੇ ਰੱਖਿਆ ਜਾਵੇ। ਜੇਕਰ ਸਾਰੇ ਤਰ੍ਹਾਂ ਵਿੱਚ ਉਹ ਤਲ ਦਿਸਦੇ ਹੋਣ, ਥੋੜਾ ਜਿਹਾ ਸਾਫ਼ ਪਾਣੀ ਭਾਂਡੇ ਵਿੱਚੋਂ ਹਵਾ ਬਾਹਰ ਕੱਢਦੇ ਹੋਏ ਜਦੋਂ ਸ਼ੀਸ਼ੇ ਦਾ ਸਮਾਨ ਨੂੰ ਉਬਾਲਣ ਲਈ ਜਾਂ ਆਟੋ ਕਲੇਵਿੰਗ ਲਈ ਭੇਜਿਆ ਜਾਂਦਾ ਹੈ, ਉਦੋਂ ਉਹਨਾਂ ਨੂੰ ਠੀਕ ਤਰ੍ਹਾਂ ਨਾਲ ਪੈਕ ਕੀਤਾ ਜਾਵੇ ਤਾਂ ਕਿ ਸਖ਼ਤ ਤਲ ਨਾਲ ਟਕਰਾ ਕੇ ਉਹ ਟੁੱਟ ਨਾ ਜਾਣ।

### ਸਰਿੰਜਾਂ ਤੇ ਸੂਈਆਂ ਦੀ ਸਾਂਭ ਸੰਭਾਲ

ਸਰਿਜਾਂ ਇਕ ਆਮ ਅਤੇ ਕੀਮਤੀ ਸ਼ੀਸ਼ੇ ਦਾ ਅੰਗ ਹੁੰਦੀਆਂ ਹਨ ਜੋ ਕਿ ਹਸਪਤਾਲਾਂ ਵਿੱਚ ਵਰਤੀਆਂ ਜਾਂਦੀਆਂ ਹਨ। ਵਰਤੋਂ ਮਗਰੋਂ ਤੁਰੰਤ ਪਾਣੀ ਨਾਲ ਸਫ਼ਾਈ ਪਿਸਟਨ ਨੂੰ ਚਾਲੂ ਰੱਖਣ ਵਿੱਚ ਸਹਾਈ ਹੁੰਦੀ ਹੈ। ਇਵੇਂ ਸਰਿੰਜਾਂ ਦੀ ਉਮਰ ਵਧਦੀ ਹੈ। ਜਾਮ ਸਰਿੰਜਾ ਨੂੰ 25% ਗਲਿਸਰੀਨ ਦੇ ਘੋਲ ਨਾਲ 10 ਮਿੰਟ ਉਬਾਲ ਕੇ ਅਤੇ 10 ਮਿੰਟ ਸ਼ੋਰੇ ਤੇ ਤੇਜ਼ਾਬ ਦੇ ਪਤਲੇ ਘੋਲ ਵਿੱਚ ਸਾਫ਼ ਕਰਕੇ ਚਾਲੂ ਕੀਤਾ ਜਾ ਸਕਦਾ ਹੈ। ਜੇਕਰ ਸੂਈ ਸਰਿੰਜ ਦੀ ਹੱਬ ਨਾਲ ਜੁੜ ਗਈ ਹੈ ਤਾਂ ਇਸ ਨੂੰ ਉਬਲਦੇ ਪਾਣੀ ਵਿੱਚ ਪਾ ਕੇ ਵੱਖਰਾ ਕੀਤਾ ਜਾ ਸਕਦਾ ਹੈ।

ਕੁੱਝ ਸਰਿੰਜਾਂ ਵਟਾਂਦਰੇ ਵਾਲੀਆਂ ਹੁੰਦੀਆਂ ਹਨ। ਦੂਜਿਆਂ ਦਾ ਉਹੀ ਬੈਰਲ ਤੇ ਪਿਸਟਨ ਹੋਵੇਗਾ ਅਤੇ ਉਹਨਾਂ ਨੂੰ ਸੌਖੀ ਤਰ੍ਹਾਂ ਮੇਲਿਆ ਜਾ ਸਕਦਾ ਹੈ। ਜਦੋਂ ਸਰਿੰਜਾਂ ਨੂੰ ਸਫ਼ਾਈ ਅਤੇ ਰੋਗਾਣੂ ਰਹਿਤ ਕੀਤਾ ਜਾਂਦਾ ਹੋਵੇ ਤਦ ਬੈਰਲ ਅਤੇ ਪਿਸਟਨ ਜੋ ਇਕ ਨੰਬਰ ਦੇ ਹਨ ਇਕੱਠੇ ਰੱਖਣੇ ਚਾਹੀਦੇ ਹਨ ਤਾਂ ਕਿ ਇਕੱਠੇ ਕਰਨ ਸਮੇਂ ਵਕਤ ਵਿਅਰਥ ਨਾ ਜਾਵੇ।

ਗਰਮ ਹਵਾ ਨਾਲ ਸ਼ੀਸ਼ੇ ਦੀਆਂ ਸਰਿੰਜਾਂ ਨੂੰ ਰੋਗਾਣੂ ਮੁਕਤ ਕਰਨਾ ਸਭ ਤੋਂ ਵਧੀਆ ਤਰੀਕਾ ਹੈ। ਜੇਕਰ ਸ਼ੀਸ਼ੇ ਦਾ ਉਹੀ ਪਸਾਰ ਗੁਣਾਂਕ ਹੈ, ਸਰਿੰਜ ਨੂੰ ਗਰਮ ਪਾਣੀ ਦੇ ਰੋਗਾਣੂ ਰਹਿਤ ਭਾਂਡੇ ਵਿੱਚ ਪਿਸਟਨ ਸਣੇ ਰੱਖਣਾ ਚਾਹੀਦਾ ਹੈ। ਭਾਫ ਜਾਂ ਰਸਾਇਣਕ ਰੋਗਾਣੂ ਮੁਕਤੀ ਤਦ ਹੀ ਹੁੰਦੀ ਹੈ ਜਦੋਂ ਪਿਸਟਨ ਨਾਲ ਹੋਵੇ। ਸਟੀਮ ਭਾਫ਼ ਜਾਂ ਰਸਾਇਣਕ ਰੋਗਾਣੂ ਮੁਕਤੀ ਬਹੁਤੀ ਪ੍ਰਭਾਵੀ ਹੈ। ਜੇਕਰ ਹਿੱਸੇ ਵੱਖ ਕਰ ਦਿੱਤੇ ਜਾਣ ਕਿਉਂਕਿ ਰੋਗਾਣੂ ਮੁਕਤ ਕਰਨ ਵਾਲੀ ਵਸਤ ਨਾਲ ਮੇਲ ਪੂਰਾ ਹੈ। ਜੇਕਰ ਸਰਿੰਜਾਂ ਨੂੰ ਗਰਮ ਸਾਫ਼ ਪਾਣੀ ਵਿੱਚ ਉਬਾਲਿਆ ਜਾਵੇ। ਸ਼ੀਸ਼ੇ ਉੱਤੋਂ ਸਿਲੀਕੇਟ ਲਹਿ ਜਾਂਦਾ ਹੈ ਅਤੇ ਸਰਿੰਜਾਂ ਹੌਲੀ-2 ਖ਼ਰਾਬ ਹੋ ਜਾਂਦੀਆਂ ਹਨ ਇਸ ਲਈ ਸ਼ੀਸ਼ੇ ਨੂੰ ਕਦੇ ਵੀ ਉਬਲਦੇ ਪਾਣੀ 'ਚ ਨਾ ਪਾਓ। ਸ਼ੀਸ਼ੇ ਦਾ ਸਮਾਨ ਠੰਡੇ ਪਾਣੀ 'ਚ ਪਾ ਕੇ ਉਸ ਨੂੰ ਉਬਾਲ ਦਰਜੇ ਤੱਕ ਲਿਆਉ।

ਅਸੈਪਟੋ (asepto) ਸਰਿੰਜਾਂ ਨੂੰ ਰੋਗਾਣੂ ਮੁਕਤ ਕਰਨ ਲਈ ਗਲਾਸ ਬੈਰਲ ਤੋਂ ਰਬੜ ਬਲਬ ਲਾਹ ਦਿਉ, ਇਸ ਨਾਲ ਜੋ ਵਸਤ ਰੋਗਾਣੂ ਮੁਕਤ ਕਰਦੀ ਹੈ ਉਹ ਸੌਖੀ ਦਿਖਾਈ ਦਿੰਦੀ ਹੈ ਅਤੇ ਰਬੜ ਨੂੰ ਸ਼ੀਸ਼ੇ ਨਾਲ ਚਿਪਕਣ ਤੋਂ ਰੋਕਦੀ ਹੈ। ਨਹੀਂ ਤਾਂ ਇਹ ਸੰਭਵ ਹੈ ਕਿ ਜਦੋਂ ਇਹ ਗਰਮ ਹੋਵੇ ਤਾਂ ਰਬੜ ਸ਼ੀਸੇ ਨਾਲ ਚਿਪਕ ਸਕਦੀ ਹੈ। ਬਲਬ ਅਤੇ ਸ਼ੀਸ਼ੇ ਵਾਲੇ ਹਿੱਸੇ ਇਕੋ ਪੈੱਕ 'ਚ ਲਪੇਟੇ ਜਾਣ ਤਾਂ ਕਿ ਕੋਈ ਹਿੱਸਾ ਵੱਖ ਨਾ ਹੋਵੇ।

ਕੋਈ ਵੀ ਔਜ਼ਾਰ ਏਨੀ ਤਿੱਖੀ ਸੋਝੀ ਦੀ ਮੰਗ ਨਹੀਂ ਕਰਦਾ ਜਿੰਨਾ ਕਿ ਸੂਈਆਂ। ਸੂਈ ਦਾ ਛੇਕ ਏਨਾ ਵਧੀਆ ਹੁੰਦਾ ਹੈ ਕਿ ਇਸ ਵਿੱਚ ਰੋਕ ਆ ਜਾਂਦੀ ਹੈ ਜਦੋਂ ਤੱਕ ਇਸ ਦੀ ਸਫ਼ਾਈ ਨਾ ਹੋ ਜਾਵੇ। ਸੂਈਆਂ (Needles) ਦੇ ਪੁਆਇੰਟ ਏਨੇ ਨਾਜ਼ੁਕ ਹੁੰਦੇ ਹਨ ਕਿ ਥੋੜੇ ਜਿਹੇ ਕਿਸੀ ਸਖ਼ਤ ਤਲ ਨਾਲ ਛੂਹਣ ਤੇ ਇਹ ਝੁਕ ਜਾਂਦੀਆਂ ਹਨ ਅਤੇ ਇਕ ਹੁੱਕ ਵਾਂਗੂੰ ਬਣ ਜਾਂਦੀਆਂ ਹਨ। ਯਾਦ ਰੱਖਣ ਯੋਗ ਗੱਲਾਂ ਇਹ ਹਨ :

1. ਵਰਤੋਂ ਤੋਂ ਬਾਦ, ਠੰਡੇ ਪਾਣੀ ਨੂੰ ਸੂਈ ਰਾਹੀਂ ਸਰਿੰਜ ਵਿੱਚ ਭਰੋ ਫਿਰ ਡਿਟਰਜੈਂਟ ਘੋਲ ਵਿੱਚ ਪਾਓ।
2. ਮੁੜ ਗਰਮ ਪਾਣੀ ਨਾਲ ਧੋਵੋ।



Downloaded from https:// www.studiestoday.com

Downloaded from https:// www.studiestoday.com

3. ਉਹ ਥਾਂ ਵੇਖੋ, ਜਿਸ ਵਿੱਚ ਸ਼ੀਸ਼ੇ ਨੂੰ ਵੱਡਾ ਕਰਕੇ ਦੇਖਣ ਵਾਲਾ ਜਾਂ ਉਹ ਥਾਂ ਜੋ ਚਮੜੀ ਤੇ ਹੋਵੇ ਤੇ ਹੁੱਕ ਬਣੀ ਹੈ। ਜੇਕਰ ਹੁੱਕ ਹੈ ਤਾਂ ਉਸਨੂੰ ਕਿਸੇ ਤਿੱਖੀ ਚੀਜ਼ ਨਾਲ ਠੀਕ ਕੀਤਾ ਜਾਂਦਾ ਹੈ। ਇਹ ਸਾਰਾ ਕੁਝ ਧਿਆਨ ਨਾਲ ਕੀਤਾ ਜਾਣਾ ਚਾਹੀਦਾ ਹੈ।
4. ਜੇਕਰ ਸੂਈਆਂ ਰੁੱਕੀਆਂ ਹੋਈਆਂ ਹਨ ਤਾਂ ਪਤਲੀਆਂ ਤਾਰਾਂ ਦੇ ਨਾਲ ਉਹਨਾਂ ਨੂੰ ਸਾਫ਼ ਕੀਤਾ ਜਾ ਸਕਦਾ ਹੈ।
5. ਸੂਈਆਂ ਨੂੰ 10 ਤੋਂ 20 ਮਿੰਟ ਉਬਾਲ ਕੇ ਰੋਗਾਣੂ ਮੁਕਤ ਕੀਤਾ ਜਾ ਸਕਦਾ ਹੈ ਜਾਂ ਸੁੱਕੇ ਵੱਧ ਤਾਪ ਨਾਲ ਆਟੋ ਕਲੇਵਿੰਗ ਰਾਹੀਂ ਵੀ ਰੋਗਾਣੂ ਮੁਕਤ ਕੀਤਾ ਜਾ ਸਕਦਾ ਹੈ।
6. ਰਸਾਇਣਕ ਰੋਗਾਣੂ ਰਹਿਤ ਅਮਲ ਨਾ ਤਸੱਲੀਬਖਸ਼ ਹੈ ਕਿਉਂਕਿ ਇਹ ਰਸਾਇਣ ਸੂਈ ਦੀ ਛੇਕ ਤੋਂ ਪੂਰੀ ਤਰ੍ਹਾਂ ਉਤਾਰਨਾ ਔਖਾ ਹੈ। ਟਾਂਕੇ ਵਾਲੀਆਂ ਸੂਈਆਂ ਨੂੰ ਵੀ ਉਸੇ ਤਰ੍ਹਾਂ ਹੀ ਸਾਫ਼ ਕੀਤਾ ਜਾਂਦਾ ਹੈ ਜਿਵੇਂ ਦੂਜੇ ਔਜ਼ਾਰ।

### ਸਟੀਲ ਦੀਆਂ ਚੀਜ਼ਾਂ ਦੀ ਸਾਂਭ ਸੰਭਾਲ

ਸਟੇਨਲੈਸ ਸਟੀਲ ਦੇ ਭਾਂਡੇ ਦੂਜੇ ਮੰਤਵ ਲਈ ਢੁਕਵੇਂ ਹਨ ਕਿਉਂਕਿ ਉਹ ਸੌਖੇ ਸਾਫ਼ ਹੋ ਜਾਂਦੇ ਹਨ, ਕਿਉਂਕਿ ਉਹ ਤਾਪ ਵਿਰੋਧੀ ਹਨ ਅਤੇ ਟੁੱਟਣ ਵਾਲੇ ਨਹੀਂ। ਇਹਨਾਂ ਨੂੰ ਰੱਖਦੇ ਸਮੇਂ ਸੁੱਕਾ ਕੇ ਰੱਖਿਆ ਜਾਵੇ ਤਾਂ ਕਿ ਪਾਣੀ ਇਹਨਾਂ ਤੇ ਅਪਣਾ ਨਿਸ਼ਾਨ ਨਾ ਪਾਵੇ।

### ਕਰਾਕਰੀ (Crockery) ਅਤੇ ਕਟਲਰੀ (Cutleries) ਦੀ ਸੰਭਾਲ

ਕਰਾਕਰੀ ਅਤੇ ਕਟਲਰੀ ਜੋ ਕਿ ਗ੍ਰਾਹਕਾਂ ਲਈ ਵਰਤੇ ਜਾਂਦੇ ਹਨ, ਉਹਨਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਉਹਨਾਂ ਨੂੰ ਠੰਡੇ ਪਾਣੀ 'ਚ ਡੁੱਬੋ ਕੇ, ਸਾਬਣ ਅਤੇ ਕੋਸੇ ਪਾਣੀ ਨਾਲ ਧੋਣਾ ਚਾਹੀਦਾ ਹੈ। ਉਬਾਲ ਕੇ ਇਹਨਾਂ ਨੂੰ ਰੋਗਾਣੂ ਰਹਿਤ ਕਰੋ ਅਤੇ ਸੁੱਕਾ ਕੇ ਰੱਖ ਦਿਓ। ਇਹ ਨਸੀਹਤ ਕੀਤੀ ਜਾਂਦੀ ਹੈ ਕਿ ਹਰ ਵਿਅਕਤੀ ਦਾ ਵੱਖਰਾ-2 ਸਮਾਨ ਹੋਵੇ।

### (ਲਿਨਨ) ਚਾਦਰਾਂ ਉਛਾੜਾਂ ਦੀ ਸਾਂਭ ਸੰਭਾਲ

ਕਪੜਿਆਂ ਚਾਦਰਾਂ, ਉਛਾੜਾਂ ਵਗੈਰਾ ਜ਼ਰੂਰੀ ਹੈ ਕਿਉਂਕਿ ਇਕ ਕੀਮਤੀ ਚੀਜ਼ ਹੈ ਜੋ ਕਿ ਹਸਪਤਾਲ ਚਲਾਉਣ 'ਚ ਸਹਾਈ ਹੈ। ਇਹ ਖ਼੍ਰੀਦਣ ਲਈ ਕੀਮਤੀ ਹੈ ਅਤੇ ਧੋਣ ਵਿੱਚ ਵੀ ਮਹਿੰਗੀ ਹੈ।

**ਕਪੜਿਆਂ ਦਾ ਖਰਾਬ ਹੋਣਾ ਬਚ ਸਕਦਾ ਹੈ ਜੇਕਰ ਹੇਠ ਲਿਖੇ ਨਿਯਮਾਂ ਦਾ ਪਾਲਣ ਕਰ ਲਿਆ ਜਾਵੇ।**

1. ਕਪੜਿਆਂ ਦਾ ਕਪਬੋਰਡ ਬਹੁਤ ਹੀ ਸਲੀਕੇ ਨਾਲ ਰੱਖਿਆ ਜਾਵੇ ਜਿੱਥੇ ਵੱਖ-2 ਵਸਤਾਂ ਨੂੰ ਵੱਖ-2 ਰੱਖਿਆ ਜਾਵੇ ਅਤੇ ਉਨ੍ਹਾਂ ਤੇ ਲੇਬਲ ਲੱਗੇ ਹੋਣ ਤਾਂ ਕਿ ਚੀਜ਼ ਦੇ ਗੁੰਮ ਹੋਣ ਦੀ ਘਬਰਾਹਟ ਤੋਂ ਬਚਿਆ ਜਾ ਸਕੇ।
2. ਜਦੋਂ ਕਪਬੋਰਡ ਦੀ ਵਰਤੋਂ ਨਾ ਹੋਵੇ ਤਦ ਇਸ ਨੂੰ ਜ਼ਿੰਦਰਾ ਲਗਾ ਦਿੱਤਾ ਜਾਵੇ।
3. ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਗਾਹਕ ਨੂੰ ਛੁੱਟੀ ਹੋਣ ਤੋਂ ਪਹਿਲਾਂ ਦੇਖ ਲਿਆ ਜਾਵੇ ਕਿ ਉਹ ਕੱਪੜੇ ਨਾਲ ਨਾ ਲੈ ਜਾਵੇ।
4. ਥੋੜੀ-2 ਦੇਰ ਬਾਦ ਨਿਯਮਤ ਤੌਰ ਤੇ ਸਟਾਕ ਚੈੱਕ ਕੀਤਾ ਜਾਵੇ ਇਨ੍ਹਾਂ ਦੀ ਗਿਣਤੀ ਦਾ ਵੇਰਵਾ ਰੱਖਿਆ ਜਾਵੇ ਤੇ ਘਾਟੇ ਵਾਧੇ ਬਾਰੇ ਰਿਪੋਰਟ ਕੀਤੀ ਜਾਵੇ।
5. ਸਾਰੀਆਂ ਆਈਆਂ ਵਰਤੀਆਂ ਜਾਣ ਜਿਸ ਮੰਤਵ ਲਈ ਉਹ ਬਣੀਆਂ ਹਨ।
6. ਫਟੇ ਹੋਏ ਕੱਪੜੇ ਬਿਸਤਰੇ ਤੇ ਨਾ ਵਰਤੇ ਜਾਣ ਸਗੋਂ ਉਸਨੂੰ ਮੁਰੰਮਤ ਲਈ ਭੇਜਿਆ ਜਾਵੇ।
7. ਖ਼ਰਾਬ ਹੋਏ ਕੱਪੜਿਆਂ ਨੂੰ ਫਰਸ਼ ਉੱਤੇ ਨਾ ਰੱਖਿਆ ਜਾਵੇ।



Downloaded from https:// www.studiestoday.com

Downloaded from https:// www.studiestoday.com

8. ਸਿਲ੍ਹੀ ਹੋਈ (ਲਿਨਨ) ਕਪੜਿਆਂ ਨੂੰ ਸੁਕਾ ਲਿਆ ਜਾਵੇ ਜੇਕਰ ਉਨ੍ਹਾਂ ਨੂੰ ਤੁਰੰਤ ਧੋਇਆ ਨਾ ਜਾ ਸਕੇ ਨਹੀਂ ਤਾਂ ਉਹ ਬਹੁਤ ਖ਼ਰਾਬ ਹੋ ਜਾਣਗੇ।
9. ਜੇਕਰ ਪੇਸ਼ਾਬ ਜਾਂ ਮਲ ਨਾਲ ਖ਼ਰਾਬ ਹੋਏ ਹੋਣ ਇਨ੍ਹਾਂ ਨੂੰ ਪਹਿਲਾਂ ਠੰਢੇ ਪਾਣੀ ਨਾਲ ਘਚੱਲ ਲਿਆ ਜਾਵੇ ਤਾਂ ਕਿ ਦਾਗ ਦੂਰ ਹੋ ਜਾਣ।
10. ਜੇਕਰ ਦਾਗ ਹੋਣ ਤਦ ਇਨ੍ਹਾਂ ਨੂੰ ਦਾਗ ਹਟਾਉਣ ਵਾਲੇ ਕਿਸੇ ਦਾਗ ਹਟਾਊ ਵਸਤੂ ਨਾਲ ਹਟਾਇਆ ਜਾਏ।
11. ਜੋ ਕੱਪੜੇ ਗਾਹਕ ਜੋ ਇੱਕ ਰੋਗਾਣੂ ਪੀੜਤ ਹੈ ਨੇ ਵਰਤੇ ਹਨ ਨੂੰ ਪਹਿਲਾਂ ਰੋਗਾਣੂ ਰਹਿਤ ਕਰ ਲਿਆ ਜਾਵੇ ਤੇ ਫਿਰ ਲਾਂਡਰੀ ਵਿੱਚ ਭੇਜਿਆ ਜਾਵੇ।
12. ਵਾਟਰ ਪਰੂਫ ਕੋਟ ਦੀ ਵਰਤੋਂ, ਜਿੱਥੇ ਇਸ ਦੀ ਲੋੜ ਹੈ ਖਰਚਿਆਂ ਨੂੰ ਘਟਾਉਣ ਲਈ ਸਹਾਈ ਹੋ ਸਕਦੀ ਹੈ।

**ਆਮ ਹਦਾਇਤਾਂ ਜੋ ਕਿ ਕੱਪੜਿਆਂ (ਲਿਨਨ) ਤੋਂ ਦਾਗ ਹਟਾਉਣ ਲਈ ਵਰਤੀਆਂ ਜਾਂਦੀਆਂ ਹਨ**

1. ਜਿਨ੍ਹਾਂ ਵਸਤਾਂ ਤੇ ਦਾਗ਼ ਲੱਗੇ ਹਨ ਉਹਨਾਂ ਹੀ ਕਿਸਮ ਤੇ ਰੰਗ ਨੋਟ ਕਰੋ ਦਾਗ ਦੀ ਕਿਸਮ ਤੇ ਸਹੀ ਦਾਗ ਦੂਰ ਕਰਨ ਦੀ ਪ੍ਰਕ੍ਰਿਆ ਲਾਗੂ ਕਰੋ।
2. ਸਭ ਤੋਂ ਸੌਖਾ ਤਰੀਕਾ ਪਹਿਲਾਂ ਅਪਣਾਓ।
3. ਜਿੰਨੀ ਜਲਦੀ ਹੋ ਸਕੇ ਦਾਗ ਦੂਰ ਕਰੋ।
4. ਪਹਿਲਾਂ ਜਤਨ ਕਰੋ ਕਿ ਕਿ ਦਾਗ ਠੰਢੇ ਪਾਣੀ ਨਾਲ ਦੂਰ ਕੀਤੇ ਜਾ ਸਕਦੇ ਹਨ।
5. ਰੰਗਦਾਰ ਸਮਾਨ ਲਈ ਪਹਿਲਾਂ ਛੋਟੇ ਭਾਗ ਤੇ ਦਾਗ ਦੂਰ ਕਰਨ ਦਾ ਯਤਨ ਕਰੋ।
6. ਦਾਗ ਜਿਨ੍ਹਾਂ ਉੱਤੇ ਪ੍ਰੋਟੀਨ ਜਿਵੇਂ ਖ਼ੂਨ, ਮਲ ਦੁੱਧ, ਪਸ ਜ਼ਖਮ ਚੋਂ ਵਗੈਰਾ-2 ਨੂੰ ਜਮਾਕੇ ਭਾਪ ਦੁਆਰਾ ਠੀਕ ਕੀਤਾ ਜਾਂਦਾ ਹੈ। ਇਸ ਲਈ ਇਸ ਕਿਸਮ ਦੇ ਸਾਰੇ ਦਾਗਾਂ ਨੂੰ ਠੰਢੇ ਪਾਣੀ ਵਿੱਚ ਭਿਉਂਕੇ ਕੁੱਝ ਸਮਾਂ ਬਾਦ ਦਾਗ ਉਤਾਰੇ ਜਾਣ।
7. ਜੇਕਰ ਸਾਰੇ ਦਾਗ਼ ਮੋਟੇ ਮੈਟੀਰੀਅਲ ਰੱਖਦੇ ਹੋਣ ਗਰਮ ਪਾਣੀ ਤੇ ਸਾਬਣ ਵਰਤੋ।
8. ਦਵਾਈ ਵਾਲੇ ਦਾਗਾਂ ਨੂੰ ਪਾਣੀ ਜਾਂ ਮੈਥੀਲੇਟਿਡ ਸਪਿਰਟ ਨਾਲ ਉਤਾਰਿਆ ਜਾਵੇ ਕਿਉਂਕਿ ਕਈ ਦਵਾਈਆਂ ਸਪਿਰਟ ਵਿੱਚ ਘੁਲਣਸ਼ੀਲ ਹਨ ਅਤੇ ਕਈ ਪਾਣੀ ਵਿੱਚ।
9. ਜੇਕਰ ਜਜ਼ਬ ਹੋਣ ਵਾਲਾ ਸਮਾਨ ਜਿਵੇ ਨਮਕ, ਸਟਾਰਚ ਤੇ ਬੋਰੈਕਸ ਵਾਲੀ ਵਰਤੋਂ ਕੀਤੀ ਜਾਵੇ ਤਦ ਤਰਲ ਦਾਗ ਦਾ ਫੈਲਣਾ ਰੁਕ ਜਾਂਦਾ ਹੈ ਤੇ ਅੰਤ ਨੂੰ ਸਮਾਨ ਨੂੰ ਨਸ਼ਟ ਹੋਣ ਤੋਂ ਬਚਾ ਲਿਆ ਜਾਂਦਾ ਹੈ।
10. ਜਦੋਂ ਦਾਗਾਂ ਉੱਤੇ ਸਧਾਰਣ ਕਿਰਿਆਵਾਂ ਦਾ ਅਸਰ ਨਾ ਹੋਵੇ ਤਦ ਬਲੀਚਿੰਗ ਵਸਤਾਂ ਜਿਵੇਂ ਨਿੰਬੂ ਜੂਸ, ਹਾਈਡ੍ਰੋਜਨ ਅਤੇ ਔਕਸਾਈਡ ਅਤੇ ਬਲੀਚਿੰਗ ਪਾਊਡਰ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਦਾ ਘੋਲ ਬਣਾਓ ਪਹਿਲਾਂ ਪਤਲਾ ਘੋਲ ਦਾਗ਼ ਵਾਲੀ ਥਾਂ ਤੇ ਲਗਾਓ ਅਤੇ ਫਿਰ ਹੌਲੀ-2 ਬਲੀਚਿੰਗ ਦੀ ਮਾਤਰਾ ਵਧਾਓ। ਬਲੀਚਿੰਗ ਵਸਤਾਂ ਕੱਪੜੇ ਲਈ ਘਾਤਕ ਹਨ ਅਤੇ ਰੰਗਦਾਰ ਚੀਜ਼ਾਂ ਨੂੰ ਬੇਰੰਗੀਆਂ ਬਣਾ ਦਿੰਦੀਆਂ ਹਨ।
11. ਜਦੋਂ ਦਾਗ਼ ਲਾਹੁਣ ਲਈ ਗਰਮ ਪਾਣੀ ਦੀ ਵਰਤੋਂ ਕੀਤੀ ਜਾਵੇ ਤਦ ਦਾਗ ਵਾਲੀ ਥਾਂ ਨੂੰ ਫੈਲਾਕੇ ਭਾਂਡੇ ਉੱਤੇ ਕਰ ਦਿੱਤਾ ਜਾਵੇ ਉਸ ਉੱਤੇ ਜ਼ੋਰ ਦੀ ਬੰਨ੍ਹ ਕੇ ਗਰਮ ਪਾਣੀ ਪਾਓ ਜਦੋਂ ਤੱਕ ਕਿ ਦਾਗ਼ ਨਾ ਉਤਰ ਜਾਵੇ।
12. ਜਦੋਂ ਤੇਜ਼ਾਬ ਦੀ ਵਰਤੋਂ ਕੀਤੀ ਜਾਵੇ ਤਦ ਦਾਗ਼ ਵਾਲੀ ਥਾਂ ਨੂੰ ਫੈਲਾਕੇ ਉਬਲਦੇ ਪਾਣੀ ਦੇ ਭਾਂਡੇ ਉੱਤੇ ਕਰੋ ਅਤੇ ਦਵਾਈ ਦੇ ਡਰਾਪਰ ਰਾਹੀਂ ਤੇਜ਼ਾਬ ਲਾਓ। ਜਦੋਂ ਦਾਗ਼ ਲਹਿ ਜਾਵੇ ਤਦ ਕੱਪੜੇ ਨੂੰ ਪੂਰੀ ਤਰ੍ਹਾਂ ਠੰਢੇ ਪਾਣੀ ਵਿੱਚ ਘਚੱਲ ਦਿਓ।



Downloaded from https:// www.studiestoday.com

Downloaded from https:// www.studiestoday.com

13. ਜਦੋਂ ਸੂਰਜ ਦੀ ਰੋਸ਼ਨੀ ਰਾਹੀਂ ਬਲੀਚਿੰਗ ਕੀਤੀ ਜਾਵੇ ਤਦ ਦਾਗ ਵਾਲੇ ਖੇਤਰ ਨੂੰ ਗਿੱਲਾ ਕਰੋ ਅਤੇ ਇਸ ਨੂੰ ਸੂਰਜ ਦੀ ਰੋਸ਼ਨੀ ਵਿੱਚ ਰੱਖੋ।
14. ਹਾਈਡ੍ਰੋਜਨ ਪਰਔਕਸਾਈਡ ਤੇ ਪਤਲਾ ਅਮੋਨੀਆ ਬਰਾਬਰ ਲੈਕੇ ਦਾਗ ਵਾਲੀ ਥਾਂ ਨੂੰ ਸਿਲੀ ਕਰੋ ਜਦੋਂ ਤੱਕ ਕਿ ਦਾਗ ਦੂਰ ਨਹੀਂ ਹੋ ਜਾਂਦਾ। ਇਹ ਖਾਸ ਤੌਰ ਤੇ ਉੱਨੀ ਕੱਪੜਿਆਂ ਲਈ ਲਾਭਦਾਇਕ ਹੈ।
15. ਤਕੜੇ ਰਸਾਇਣਾਂ ਨੂੰ ਅੰਤਲੇ ਤੌਰ ਤੇ ਹੀ ਵਰਤਿਆ ਜਾਵੇ ਕਿਉਂਕਿ ਇਨਾਂ ਦਾ ਘਾਤਕ ਅਸਰ ਹੁੰਦਾ ਹੈ।

### ਖ਼ੂਨ ਦੇ ਧੱਬੇ

ਤੁਰੰਤ ਠੰਢੇ ਪਾਣੀ ਵਿੱਚ ਪਾਓ ਗਰਮ ਪਾਣੀ ਜਮਾ ਕੇ ਨਿਸ਼ਾਨ ਪਾ ਦਿੰਦਾ ਹੈ। ਜਦੋਂ ਦਾਗ ਦੂਰ ਹੋ ਜਾਣ ਤਦ ਇਨ੍ਹਾਂ ਨੂੰ ਸਾਬਣ ਵਾਲੇ ਪਾਣੀ ਵਿੱਚ ਧੋਵੋ। ਜੇਕਰ ਇਹ ਇਕ ਪੁਰਾਣਾ ਦਾਗ਼ ਹੈ ਤਦ ਇਸ ਨੂੰ ਹਾਈਡ੍ਰੋਜਨ ਪਰ ਔਕਸਾਈਡ ਦੇ ਘੋਲ ਵਿੱਚ ਡਬੋਵੋ ਇਸ ਘੋਲ ਵਿੱਚ ਅਮੋਨੀਆ ਵੀ ਸ਼ਾਮਲ ਹੋਵੇ ਤੇ ਇਹ ਕਈ ਘੰਟੇ ਰੱਖੋ ਫਿਰ ਠੰਢੇ ਪਾਣੀ ਤੇ ਬਾਅਦ ਵਿੱਚ ਸਾਬਣ ਨਾਲ ਗਰਮ ਪਾਣੀ ਵਿੱਚ ਦਿਉ।

ਗਾੜੇ ਖ਼ੂਨ ਦੇ ਦਾਂਗਾਂ ਨੂੰ ਜੋ ਕਿ (ਮੈਟਰੈਸ) ਚਟਾਏ ਤੇ ਪਏ ਹੋਏ ਹਨ– ਇਸ ਉੱਤੇ ਗਾੜ੍ਹਾ ਸਟਾਰਚ ਤੇ ਪਾਣੀ ਦਾ ਲੇਪ ਲਾਉ ਅਤੇ ਇਸਨੂੰ ਧੁੱਪ ਵਿੱਚ ਖੜ੍ਹਾ ਹੋਣ ਦਿਓ ਜਦੋਂ ਲੇਪ ਸੁੱਕ ਜਾਵੇ ਤੇ ਬੇਰੰਗ ਹੋ ਜਾਵੇ ਤਦ ਬੁਰਸ਼ ਨਾਲ ਦਾਗ਼ ਉਤਾਰ ਦਿਉ।

### ਚਾਹ, ਕੌਫੀ ਅਤੇ ਕੋਕੋ (Ariline Dyes Gention Violet Methylene Blue etc)

ਕੱਪੜੇ (ਲਿਨਨ) ਜਿਨ੍ਹਾਂ ਉੱਤੇ ਚਾਹ, ਕੌਫੀ ਜਾਂ ਕੋਕੋ ਦੇ ਦਾਗ਼ ਹਨ ਇਨ੍ਹਾਂ ਉੱਤੇ ਦੁੱਧ ਦੀ ਧਾਰ ਬੰਨ੍ਹਕੇ ਪਾਓ। ਇਨ੍ਹਾਂ ਨੂੰ ਠੰਢੇ ਪਾਣੀ ਅਤੇ ਗਰਮ ਪਾਣੀ ਤੇ ਸੋਡੀਅਮ ਕਾਰਬੋਨੇਟ ਵਿੱਚ ਧੋਕੇ ਦਾਗ਼ ਦੂਰ ਕੀਤਾ ਜਾ ਸਕਦਾ ਹੈ। ਜੇਕਰ ਦਾਗ਼ ਪੂਰੀ ਤਰ੍ਹਾਂ ਨਹੀਂ ਉਤਰਿਆ ਤਦ ਨਿੰਬੂ ਰਸ ਤੇ ਹਾਈਡ੍ਰੋਜਨ ਪਰ ਔਕਸਾਈਡ ਲਗਾਕੇ ਦਾਗ਼ ਪੂਰੀ ਤਰ੍ਹਾਂ ਉਤਾਰਿਆ ਜਾ ਸਕਦਾ ਹੈ।

ਅਨੀਲਾਈਨ ਡਾਈਜ਼, ਜੈਨਸ਼ਨ ਵਾਇਲਟ, ਮੈਥੀਲੀਨ ਬਲਿਊ ਵਗੈਰਾ (Aniline Dyes Geutron Violet Methylene Blue etc.)

ਕੱਪੜੇ ਨੂੰ ਗਿੱਲਾ ਕਰੋ ਅਤੇ ਸੂਰਜ ਦੀ ਰੋਸ਼ਨੀ ਵਿੱਚ ਬਲੀਚ ਕਰੋ। ਕਲੋਰੀਨ ਦਾ ਪਾਣੀ ਚੜ੍ਹੇ ਰੰਗ ਨੂੰ ਉਤਾਰ ਦਿੰਦਾ ਹੈ। ਬਲੀਚ ਨੂੰ ਪੂਰੀ ਤਰ੍ਹਾਂ ਗਰਮ ਪਾਣੀ ਨਾਲ ਲਾਹ ਦਿਓ ਜਦੋਂ ਦਾਗ਼ ਉਤਰ ਜਾਵੇ।

### ਮੋਮ (Wax) ਧੱਬੇ

ਮੋਮ ਨੂੰ ਪਾਸੇ ਕਰ ਦਿਓ। ਇੱਕ ਕਪੜਾ ਪੈਂਡ ਜਾਂ ਸੱਖਤਾ (ਬਲੌਟਿੰਗ ਪੇਪਰ) ਥੱਲੇ ਦਾਗ਼ ਉੱਤੇ ਰੱਖੋ ਤੇ ਇਸ ਨੂੰ ਗਰਮ ਪ੍ਰੈਸ ਨਾਲ ਦਬਾ ਦਿਉ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

1. ਇੱਕ ਨੇੜੇ ਦੇ ਹਸਪਤਾਲ ਵਿੱਚ ਜਾਓ ਤੇ ਹੇਠ ਲਿਖੀਆਂ ਵਸਤਾਂ ਨੂੰ ਰੋਗਾਣੂ ਰਹਿਤ ਕਰਨ ਵਾਲੇ ਤੱਤਾਂ ਦੀ ਪਛਾਣ ਕਰੋ ਅਤੇ ਹੇਠ ਲਿਖਿਆ ਟੇਬਲ ਭਰੋ।

| ਵਸਤ | ਰੋਗਾਣੂ ਰਹਿਤ ਕਰਨ ਵਾਲਾ |
|---|---|
| ਰਬੜ ਟਿਊਬਾਂ | |
| ਬੈੱਡ ਪੈਨ | |
| ਦਸਤਾਨੇ | |
| ਸੂਈਆ | |
| (ਲਿਨਨ) ਕੱਪੜੇ ਚਾਦਰਾਂ ਵਗੈਰਾ-2 | |

2. ਹੇਠ ਲਿਖੀਆਂ ਟੇਬਲ ਭਰੋ ਇਸ ਵਿੱਚ ਹਸਪਤਾਲਾਂ ਵਿੱਚ ਸੰਭਾਲ ਲਈ ਵਰਤੇ ਸਮਾਨ ਬਾਰੇ ਦੱਸਿਆ ਜਾਵੇ।

| ਵਸਤਾਂ | ਸੰਭਾਲ ਲਈ ਵਰਤਿਆ ਸਮਾਨ |
|---|---|
| ਰਬੜ ਦਾ ਸਮਾਨ | |
| ਰਬੜ ਦੀ ਬਰਸਾਤੀ | |
| ਰਬੜ ਦੇ ਦਸਤਾਨੇ | |
| ਰਬੜ ਟਿਊਬਾਂ | |
| ਹਵਾ ਦੇ ਗੱਦੇ | |
| ਰਬੜ ਬੈਂਡਜ | |
| ਗਰਮ ਪਾਣੀ ਦੀ ਬੋਤਲ | |
| ਆਈਸਕੈਪਸ ਕੌਲਰ | |
| ਝਾਲ ਵਾਲ ਸਮਾਨ | |
| ਬੈੱਡ ਪੈਨਜ਼ | |
| ਕਿਡਨੀ ਟਰੇਜ | |
| ਥੁੱਕ ਦੇ ਕੱਪ | |
| ਸ਼ੀਸੇ ਦਾ ਸਮਾਨ | |
| ਸਰਿੰਜਾਂ ਤੇ ਸੂਈਆਂ | |
| ਸਟੇਨਲੈਸ ਸਟੀਲ ਸਮਾਨ | |
| ਖ਼ੂਨ ਦੇ ਧੱਬੇ | |
| ਮੋਮਬੱਤੀਆਂ ਵੈਕਸ ਦਾਗ਼ | |



Downloaded from https:// www.studiestoday.com

Downloaded from https:// www.studiestoday.com

## ਮੁੱਲਾਂਕਣ

**(ੳ) ਛੋਟੇ ਉੱਤਰਾਂ ਵਾਲੇ ਪ੍ਰਸ਼ਨ—**

1. ਦੂਸ਼ਿਤ ਦਸਤਾਨਿਆਂ ਨੂੰ ਦੂਸ਼ਣ ਰਹਿਤ ਕਰਨ ਦੀ ਕੀ ਵਿਧੀ ਹੈ ?

    ..........................................................................................

    ..........................................................................................

    ..........................................................................................

2. ਤੁਸੀਂ ਕੱਪੜੇ (ਚਾਦਰਾਂ, ਉਛਾੜ ਵਗੈਰਾ) ਲਿਨਨ ਤੋਂ ਖ਼ੂਨ ਦੇ ਦਾਗ਼ ਕਿਵੇਂ ਦੂਰ ਕਰੋਗੇ।

    ..........................................................................................

    ..........................................................................................

    ..........................................................................................

3. ਤਿੱਖੇ ਔਜ਼ਾਰਾ ਨੂੰ ਕੀਟਾਣੂ ਮੁਕਤ ਕਰਨ ਸਮੇਂ ਕਿਹੜੀਆਂ-ਕਿਹੜੀਆਂ ਸਾਵਧਾਨੀਆਂ ਵਰਤੋਗੇ ?

    ..........................................................................................

    ..........................................................................................

    ..........................................................................................

4. ਉਹ ਕਿਹੜੇ-2 ਤਰੀਕੇ ਹਨ ਜਿਨ੍ਹਾਂ ਨਾਲ ਸਰਿੰਜਾਂ ਤੇ ਸੂਈਆਂ ਦੀ ਸੰਭਾਲ ਹੁੰਦੀ ਹੈ ?

    ..........................................................................................

    ..........................................................................................

    ..........................................................................................

5. ਉਨ੍ਹਾਂ ਨਿਯਮਾਂ ਦੀ ਸੂਚੀ ਬਣਾਉ ਜਿਨ੍ਹਾਂ ਰਾਹੀਂ (ਲਿਨਨ) ਕੱਪੜਿਆਂ ਨੂੰ ਖਰਾਬ ਹੋਣ ਤੋਂ ਬਚਾਇਆ ਜਾ ਸਕੇ ?

    ..........................................................................................

    ..........................................................................................

    ..........................................................................................

6. ਵੱਖ-2 ਤਰ੍ਹਾਂ ਦੇ ਦਾਗ਼ ਹਟਾਉਣ ਦੀਆਂ ਵਿਧੀਆਂ ਦੱਸੋ ?

    ..........................................................................................

    ..........................................................................................

    ..........................................................................................



Downloaded from https:// www.studiestoday.com

Downloaded from https:// www.studiestoday.com

## ਮੁੱਲਾਂਕਣ ਸੰਬੰਧੀ ਚੈੱਕ ਲਿਸਟ

**ਹੇਠ ਲਿਖੀ ਚੈੱਕ ਲਿਸਟ ਦੀ ਵਰਤੋਂ ਕਰੋ ਜੇਕਰ ਤੁਸੀਂ ਮੁੱਲਾਂਕਣ ਕਿਰਿਆ ਸੰਬੰਧੀ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ।**

**ਭਾਗ-ੳ (Part-A)**

**ਹੇਠ ਲਿਖਿਆਂ ਵਿੱਚ ਫ਼ਰਕ ਪਤਾ ਕੀਤਾ।**

1. ਰਬੜ ਬਰਸਾਤੀ ਕੋਟ ਤੇ ਰਬੜ ਦਸਤਾਨੇ ਨੂੰ ਕੀਟਾਣੂ ਮੁਕਤ ਕਰਨਾ।
2. ਰਬੜ ਟਿਊਬ ਤੇ ਸਖ਼ਤ ਪਿਸ਼ਾਬ ਦੇ ਨਿਕਾਸ ਦੀ ਨਾਲੀ।
3. ਬੈੱਡ ਪੈਨ ਤੇ ਪੇਸ਼ਾਬ ਘਰਾਂ ਦਾ ਕੀਟਾਣੂ ਨਾਸ਼ਕ।
4. ਖ਼ੂਨ ਦੇ ਦਾਗ਼ ਤੇ ਮੋਮਬਤੀ/ਵੈਕਸ (Wax) ਦੇ ਦਾਗ਼।

**ਭਾਗ-ਅ (Part-B)**

**ਹੇਠ ਲਿਖਿਆਂ ਨੂੰ ਸ਼੍ਰੇਣੀ ਵਿੱਚ ਚਰਚਿਤ ਕੀਤਾ।**

1. ਰਬੜ ਦੀਆਂ ਵਸਤਾਂ ਦੀ ਸੰਭਾਲ ਦੀ ਮਹੱਤਤਾ।
2. ਆਮ ਡਿਊਟੀ ਸਹਾਇਕ (GDA) ਦਾ ਹਸਪਤਾਲ ਵਿੱਚ ਵੱਖ-2 ਵਰਤੀਆਂ ਵਸਤਾਂ ਬਾਰੇ ਭੂਮਿਕਾ।
3. ਦਾਗ਼ ਹਟਾਉਣੇ।
4. ਸਟੇਨ ਲੈਸ ਸਟੀਲ ਦੇ ਭਾਂਡਿਆਂ ਦੀ ਸੰਭਾਲ।
5. ਸ਼ੀਸ਼ੇ ਦੇ ਸਮਾਨ ਦੀ ਸੰਭਾਲ।

**ਭਾਗ-ੲ (Part-C)**

**ਪ੍ਰਦਰਸ਼ਨ ਪੱਧਰ**

ਪ੍ਰਦਰਸ਼ਨ ਪੱਧਰ ਵਿੱਚ ਸ਼ਾਮਲ ਹੈ ਪਰ ਹੱਦ ਨਹੀਂ।

| ਪ੍ਰਦਰਸ਼ਨ ਪੱਧਰ (Performance Standard) | ਹਾਂ | ਨਾਂ |
|---|---|---|
| ਮਿਆਨ ਦਾ ਪ੍ਰਦਰਸ਼ਨ ਕਰੋ ਜਿਸ ਰਾਹੀਂ ਹਸਪਤਾਲ ਵਿੱਚ ਵੱਖ-2 ਰਬੜ ਅਧਾਰਿਤ ਵਸਤਾਂ ਵਾਰਡ ਦਾ ਸਮਾਨ ਤੇ ਔਜ਼ਾਰ ਜੋ ਹਸਪਤਾਲ ਵਿੱਚ ਵਰਤੇ ਜਾਂਦੇ ਹਨ। | | |
| ਪ੍ਰਦਰਸ਼ਨ ਕਰੋ ਗਿਆਨ ਦਾ ਜਿਸ ਰਾਹੀਂ ਵੱਖ-2 ਕਿਸਮਾਂ ਦੇ ਦਾਗ਼ ਦੂਰ ਹੁੰਦੇ ਹਨ। | | |

—0—



Downloaded from https:// www.studiestoday.com

Downloaded from https:// www.studiestoday.com

# ਸੈਸ਼ਨ-3 : ਰੋਗਾਣੂ ਮੁਕਤ ਵਾਰਡ

## ਸੰਬੰਧਿਤ ਗਿਆਨ

### ਸਫ਼ਾਈ ਦਾ ਸਹੀ ਪੱਧਰ

ਵੱਖ-2 ਕਿਰਿਆਵਾਂ ਲਈ ਵੱਖ-2 ਸਫ਼ਾਈ ਪੱਧਰ ਲੁੜੀਂਦੇ ਹਨ। ਸਭ ਤੋਂ ਨੀਵਾਂ ਪੱਧਰ ਜੋ ਲੋੜਾਂ ਪੂਰੀਆਂ ਕਰੇ ਉਹੀ ਕਰਨਾ ਬਣਦਾ ਹੈ। ਇਹ ਪੱਧਰ ਹੇਠ ਲਿਖੇ ਹਨ।

### ਤਲ ਦੀ ਸਫ਼ਾਈ

ਆਮ ਤਲ ਦੀ ਸਫ਼ਾਈ ਬਾਹਰੀ ਪੱਧਰ ਤੇ ਸਾਰੀ ਗੰਦਗੀ ਮਿਟਾ ਦਿੰਦੀ ਹੈ। ਇਸ ਨਾਲ ਔਰਗੈਨਿਕ (Organic) ਮਾਦਾ ਅਤੇ ਬੈਕਟੀਰੀਆ ਵੀ ਮਿਟ ਜਾਂਦੇ ਹਨ। ਇਹ ਆਮ ਤੌਰ ਤੇ ਪਾਣੀ ਨਾਲ, ਮਸ਼ੀਨੀ ਕਿਰਿਆ ਜਿਵੇਂ ਰਗੜਨਾ ਅਤੇ ਡੀਟਰਜੈਂਟ ਹਨ। ਤਲ ਦੀ ਸਫ਼ਾਈ ਪਹਿਲਾਂ ਜੀਵਾਣੂ ਮੁਕਤ ਤੇ ਰੋਗਾਣੂ ਮੁਕਤ ਕਰਕੇ ਹੀ ਅੱਗੇ ਵਧਦੀ ਹੈ। ਜੇਕਰ ਆਰਗੈਨਿਕ (Organic) ਮਾਦਾ ਪਹਿਲਾਂ ਦੂਰ ਨਹੀਂ ਕੀਤਾ ਜਾਂਦਾ ਤਦ ਇਹ ਜੀਵਾਣੂ ਨੂੰ ਸੁਸਤ ਕਰ ਸਕਦਾ ਹੈ। ਬਹੁਤ ਸਾਰੇ ਕੇਸਾਂ ਵਿੱਚ ਜਿਨ੍ਹਾਂ ਵਿੱਚ ਸਿਹਤ ਸੰਭਾਲ ਉਦਯੋਗ ਵੀ ਸ਼ਾਮਲ ਹੈ, ਆਮ ਤਲ ਦੀ ਸਫ਼ਾਈ ਦਾ ਸਭ ਤੋਂ ਵੱਧ ਉੱਚਾ ਪੱਧਰ ਹੈ।

### ਰੋਗਾਣੂ ਮੁਕਤ ਪੋਚੇ

ਅਕਸਰ ਰੋਗਾਣੂ ਮੁਕਤ ਪੋਚੇ ਸਮੇਂ ਤੋਂ ਪਹਿਲਾਂ ਸੁੱਕ ਜਾਂਦੇ ਹਨ ਇਨ੍ਹਾਂ ਦੀ ਵਰਤੋਂ ਅਜੇਹੀਆਂ ਥਾਵਾਂ ਤੇ ਵੀ ਹੁੰਦੀ ਹੈ ਜਿੱਥੇ ਇਨ੍ਹਾਂ ਦੀ ਲੋੜ ਨਹੀਂ ਹੁੰਦੀ ਇਸ ਲਈ ਖਰਚ ਤੇ ਪ੍ਰਦੂਸ਼ਣ ਹੁੰਦਾ ਹੈ। ਇੱਕ ਮੁੜ ਤੋਂ ਵਰਤੋਂ ਵਿੱਚ ਆਉਣ ਵਾਲਾ ਪੋਚਾ ਜਿਸ ਨੂੰ ਪੂਰੀ ਤਰ੍ਹਾਂ ਗਿਲਾ ਕਰਕੇ ਰੋਗਾਣੂ ਮੁਕਤ ਕਰਕੇ ਵਰਤਿਆ ਜਾਵੇ ਤਦ ਇੱਕ ਘੱਟ ਮੁੱਲ ਦਾ ਹੁੰਦਾ ਹੈ ਅਤੇ ਇਹ ਵੱਧ ਪ੍ਰਭਾਵੀ ਚੋਣ ਹੈ। ਜੇਕਰ ਰੋਗਾਣੂ ਮੁਕਤ ਪੋਚੇ ਸਿਟਣ ਤੋਂ ਪਹਿਲਾਂ ਸੁੱਕੇ ਨਹੀਂ ਹਨ ਤਦ ਇਨ੍ਹਾਂ ਨੂੰ ਭਿਆਨਕ ਰੱਦੀ ਸਮਝਿਆ ਜਾਵੇ।

### ਰੋਗਾਣੂ ਨਾਸ਼ਕ

ਰੋਗਾਣੂ ਨਾਸ਼ਕ, ਰੋਗਾਣੂ ਮੁਕਤ ਹੋਣ ਲਈ ਰੋਗਾਣੂਆਂ ਸੰਬੰਧੀ ਮਲੀਨਤਾ ਖਤਰਾ ਘਟਾਉਂਦਾ ਹੈ। ਇਹ ਹੋਰ ਮਰੀਜ਼ ਨੂੰ ਰੋਗਾਣੂ ਨਾਸ਼ਕ ਹੋਣ ਤੋਂ ਘਟਾਉਂਦਾ ਹੈ। ਰੋਗਾਣੂ ਨਾਸ਼ਕ ਤਲਾਂ ਜਾਂ ਸਮਾਜ ਜੋ ਕਿ ਬੇਰੂਪ ਖਲੜੀ ਜਾਂ ਲਈ ਜ਼ਰੂਰੀ ਹੈ। ਉੱਚੀ ਪੱਧਰ ਦੀ ਰੋਗਾਣੂ ਨਾਸ਼ਕ ਜ਼ਰੂਰੀ ਹੈ ਜੋ ਕਿ ਮੱਧ ਮਾਰੂ ਮੈਡੀਕਲ ਟੈਸਟ ਜਿਵੇਂ ਐਂਡੋਸਕੋਪੀ। ਨੀਵੀਂ ਪੱਧਰ ਦੀ ਰੋਗਾਣੂ ਨਾਸਕ ਦੀ ਵਰਤੋਂ ਉੱਚ ਛੋਹ ਤਲਾਂ ਲਈ ਕੀਤੀ ਜਾਂਦੀ ਹੈ ਜੋ ਕਿ ਚੀਰ ਫਾੜ ਵਾਰਡਾਂ/ਕੈਨਲਾਂ ਵਿੱਚ ਕੀਤੀ ਜਾਂਦੀ ਹੈ।

### ਰੋਗਾਣੂ ਮੁਕਤੀ (Sterilisation)

ਰੋਗਾਣੂ ਮੁਕਤ ਸਾਧਨ ਪੂਰੀ ਤਰ੍ਹਾਂ ਬੈਕਟੀਰੀਆਂ ਤੇ ਰੋਗਾਣੂਆਂ ਨੂੰ ਖ਼ਤਮ ਕਰ ਦਿੰਦੀ ਹੈ। ਵਸਤਾਂ ਨੂੰ ਰੋਗਾਣੂ ਮੁਕਤ ਕੀਤਾ ਜਾਂਦਾ ਹੈ ਜੇਕਰ ਇੱਕ ਰੋਗਾਣੂ ਮੁਕਤ ਖੇਤਰ ਵਿੱਚ ਦਾਖਲ ਹੋਣ ਜਿਵੇਂ ਇੱਕ ਖੋਲ ਸਰੀਰ। ਰੋਗਾਣੂ ਮੁਕਤ ਕਿਰਿਆ ਨੂੰ



Downloaded from https:// www.studiestoday.com

Downloaded from https:// www.studiestoday.com

ਗਰਮ ਭਾਫ਼ ਤੇ ਦਬਾਓ ਨਾਲ, ਟੌਕਸਿਕ ਗੈਸਾਂ ਜਿਵੇਂ ਐਥਲੀਨ ਔਕਸਾਈਡ ਜਾਂ ਹਾਈਡ੍ਰੋਜਨ ਪਰ ਆਕਸਾਈਡ (Hydrogen Per Oxide) ਸੀਰਮਾ ਨਾਲ ਕੀਤਾ ਜਾਂਦਾ ਹੈ।

### ਸਫ਼ਾਈ ਦੇ ਸਮੇਂ ਕਦੋਂ ਕਿੰਨੀ ਦੇਰ ਬਾਅਦ

ਆਦਰਸ਼ਕ ਤੌਰ ਤੇ ਸਾਰੇ ਖੇਤਰਾਂ ਦੀ ਸਫ਼ਾਈ ਜਦੋਂ ਗੰਦਗੀ ਦਿੱਸੇ ਕਰ ਦੇਣੀ ਚਾਹੀਦੀ ਹੈ। ਪਰ ਲਚਕਨੀ ਸਫ਼ਾਈ ਪ੍ਰਕ੍ਰਿਆ ਅਮਲੀ ਨਹੀਂ। ਇਸ ਲਈ ਹਸਪਤਾਲ ਵੱਲੋਂ ਦੀ ਸਫ਼ਾਈ ਦਾ ਦਿਸ਼ਾ ਨਿਰਦੇਸ਼ ਸਪਸ਼ਟ ਕੀਤਾ ਜਾਵੇ। ਵੱਡਾ ਫ਼ਰਕ, ਵੱਡੇ ਖ਼ਤਰਾ ਖੇਤਰਾਂ ਵਿੱਚ ਸਫ਼ਾਈ ਸਮਾਂ ਬੱਧ ਢੰਗ ਨਾਲ ਕਰਨ ਵਿੱਚ ਹੈ ਜਿਵੇਂ ਅਪ੍ਰੇਸ਼ਨ ਥੀਏਟਰ (OT) ਅਤੇ (ICUs) ਵੱਧ ਸੰਭਾਲ ਯੂਨਿਟਾਂ ਵਿੱਚ। ਅਜਿਹੇ ਖੇਤਰਾਂ ਨੂੰ ਬਾਰ-2 ਸਾਫ਼ ਕਰਨਾ ਚਾਹੀਦਾ ਹੈ।

ਦੀਵਾਰਾਂ ਨੂੰ ਧੋਣਾ ਅਤੇ ਅੰਦਰ ਛੱਤਾਂ ਦੀ ਸਫ਼ਾਈ ਭਾਵੇਂ ਦੇਰ ਨਾਲ ਹੋ ਜਾਵੇ ਮਹੀਨੇ ਵਿੱਚ ਇੱਕ ਜਾਂ ਦੋ ਵਾਰ ਪਰ ਜਿੱਥੇ ਦੀਵਾਰਾਂ ਤੇ ਖ਼ੂਨ ਦੇ ਧੱਬੇ ਲੱਗੇ ਹੋਣ ਜੋ ਹੋਰ ਗਲਤ ਮਾਦੇ ਨਾਲ ਲੱਥ ਪੱਥ ਹੋਣ, ਜਿੰਨੀ ਜਲਦੀ ਹੋ ਸਕੇ ਖ਼ਰਾਬ ਹੋਈਆਂ ਥਾਵਾਂ ਦੀ ਸਫ਼ਾਈ ਕਰ ਦੇਣੀ ਚਾਹੀਦੀ ਹੈ। ਜਿੰਨੀ ਜਲਦੀ ਹੋ ਸਕੇ ਧੋ ਦੇਣਾ ਚਾਹੀਦਾ ਹੈ।

### ਸਫ਼ਾਈ ਵਾਲੀਆਂ ਵਸਤਾਂ

ਇੱਕ ਸਫ਼ਾਈ ਵਾਲੀ ਵਸਤ ਨੂੰ ਗੰਦਗੀ ਨੂੰ ਸਾਫ਼ ਕਰਨ ਵਿੱਚ ਸਹਾਈ ਹੋਣਾ ਚਾਹੀਦਾ ਹੈ ਇਸ ਸਫ਼ਾਈ ਵਿੱਚ ਵਰਤੋਂ ਵਾਲੇ ਨੂੰ ਤੇ ਤਲ ਨੂੰ ਕੋਈ ਹਾਨੀ ਨਹੀਂ ਹੋਣੀ ਚਾਹੀਦੀ। ਹਸਪਤਾਲਾਂ ਵਿੱਚ ਹੇਠ ਲਿਖੀਆਂ ਸਫ਼ਾਈ ਕਰਨ ਵਾਲੀਆਂ ਵਸਤਾਂ ਤਜਵੀਜ਼ ਕੀਤੀਆਂ ਜਾਂਦੀਆਂ ਹਨ।

- ਇੱਕ (anionic) ਤਰਲ ਡਿਟਰਜੈਂਟ ਨੂੰ ਫਰਸ਼ਾਂ ਲਈ ਬਹੁਤ ਉਪਯੋਗੀ ਅਤੇ ਛੱਤਾਂ ਦੇ ਅੰਦਰਲੇ ਹਿੱਸੇ ਕੰਧਾਂ ਕੰਮ ਵਾਲੀਆਂ ਥਾਵਾਂ ਅਤੇ ਨਹਾਉਣ ਕਮਰਿਆਂ ਲਈ ਵੀ ਬਹੁਤ ਉਪਯੋਗੀ ਮੰਨਿਆ ਗਿਆ ਹੈ।
- (Scouring) ਸਕਾਉਰਿੰਗ ਪਾਊਡਰ, ਸਿੰਕ, ਬਾਥਸ, ਸ਼ਾਵਰਾਂ ਤੇ ਲੈਬੋਰਟਰੀਜ਼ ਲਈ ਉਪਯੋਗੀ ਹੈ।
- ਰੋਗਾਣੂ ਮੁਕਤ ਦੀ ਮੌਜ਼ੂਦਗੀ, ਵਸਤ ਦੀ ਸਫ਼ਾਈ ਸ਼ਕਤੀ ਨਹੀਂ ਵਧਾਉਂਦੀ ਅਤੇ
- ਰਸਾਇਣਕ ਰੋਗਾਣੂ ਮੁਕਤ ਸਿਰਫ਼ ਸਾਫ਼ ਤਲਾਂ ਉੱਤੇ ਲਾਭਦਾਇਕ ਹਨ ਇਸ ਲਈ ਫਰਸ਼ ਨੂੰ ਪਹਿਲਾਂ ਡਿਟਰਜੈਂਟ (Detergent) ਨਾਲ ਸਾਫ਼ ਕਰਕੇ ਹੀ ਰੋਗਾਣੂ ਮੁਕਤ ਕੀਤਾ ਜਾਵੇ।

### ਰਸਾਇਣਿਕ ਰੋਗਾਣੂ ਮੁਕਤ

ਇਨ੍ਹਾਂ ਨੂੰ ਨਹਾਉਣ (ਬਾਥ ਰੂਮਜ਼) ਵਿੱਚ ਰੋਗਾਣੂ ਮੁਕਤ ਸਫ਼ਾਈ ਮਗਰੋਂ ਅਤੇ ਰਸੋਈ ਸਫ਼ਾਈ ਮਗਰੋਂ ਰੋਗਾਣੂ ਮੁਕਤ, ਫਰਸ਼ਾਂ ਅਤੇ ਕੰਮ ਦੇ ਤਲ (OT) ਅਪ੍ਰੇਸ਼ਨ ਥੀਏਟਰ, ਵਿਸ਼ੇਸ਼ ਧਿਆਨ ਯੂਨਿਟ, ਵੱਧ ਖਤਰਨਾਕ ਯੰਤਰ, ਸਫ਼ਾਈ ਮਗਰੋਂ ਰੋਗਾਣੂ ਮੁਕਤ ਕੁਝ ਮੌਕਿਆਂ ਤੇ ਫਰਸ਼ਾਂ ਦੀ ਰੋਗਾਣੂ ਮੁਕਤੀ ਉਛਾਲੇ ਮਗਰੋਂ ਹੋਣੀ ਚਾਹੀਦੀ ਹੈ।

### ਸਫ਼ਾਈ ਦੀਆਂ ਤਕਨੀਕਾਂ

1. **ਫਰਸ਼ :** ਇੱਕ ਭਰੇ ਵਾਰਡ ਵਿੱਚ ਮਿੱਟੀ ਰਾਹੀਂ ਜੁੱਤੀਆਂ ਰਾਹੀਂ ਅਤੇ ਟਰਾਲੀ ਦੇ ਧਰੀਆਂ ਤੋਂ ਬੜੀ ਤੇਜ਼ੀ ਨਾਲ ਗੰਦਗੀ ਫੈਲਦੀ ਰਹਿੰਦੀ ਹੈ। ਬੈਕਟੀਰੀਆ ਨਾਲ ਮਲੀਨਤਾ ਫਰਸ਼ਾਂ ਦੀ ਪਹਿਲੀ ਪੱਧਰ ਦੀ ਹੋ ਜਾਂਦੀ ਹੈ ਕੇਵਲ ਦੋ ਘੰਟਿਆਂ ਵਿੱਚ ਸਫ਼ਾਈ ਮਗਰੋਂ ਜਾਂ ਰੋਗਾਣੂ ਮੁਕਤ ਹੋਣ ਮਗਰੋਂ। (Infection Rate) ਛੂਤ ਦੀ ਦਰ ਰੋਗਾਣੂ ਮੁਕਤ ਨਾਲ ਪ੍ਰਭਾਵਤ ਨਹੀਂ ਹੁੰਦੀ। ਡੀਟਰਜੈਂਟ ਇਕੱਲਾ ਕਾਫ਼ੀ ਹੈ। ਰੋਗਾਣੂ ਮੁਕਤ ਕੇਵਲ ਪੱਧਰੇ ਤਲ ਤੇ ਵਰਤੇ ਜਾਣ। ਪਰ ਪੋਚਿਆਂ ਨੂੰ ਰੋਗਾਣੂ ਮੁਕਤ ਕਰਲਿਆ ਜਾਵੇ ਇਹ ਪ੍ਰਕ੍ਰਿਆ ਰੋਗਾਣੂਆਂ ਵਾਲੇ ਮਰੀਜ਼ਾਂ ਦੇ ਕਮਰਿਆਂ ਦੀ ਸਫ਼ਾਈ ਤੋਂ ਬਾਅਦ ਹੋਵੇ ਤੇ ਦੂਜੇ ਕਮਰੇ ਜੋ (immunosuppressed) ਮਰੀਜ਼ਾਂ ਦੇ ਹਨ ਤੋਂ ਪਹਿਲਾਂ ਕੀਤਾ



Downloaded from https:// www.studiestoday.com

Downloaded from https:// www.studiestoday.com

ਜਾਵੇ। ਇੱਕ ਮਸ਼ੀਨ ਵਿੱਚ (Laundering) ਧੋਣਾ ਜਿਸ ਵਿੱਚ ਤਾਪ ਰੋਗਾਣੂ ਮੁਕਤ ਯੰਤਰ ਹੋਵੇ ਇੱਕ ਵਧੀਆ ਤਰੀਕਾ ਹੈ। ਪਰ ਪਾਣੀ 'ਚ ਘਚੱਲਣਾ ਇਸ ਤੋਂ ਮਗਰੋਂ (ਨਿਚੋੜਨਾ) ਸੋਕਣਾ 1% ਬਲੀਚ ਜਾ 1000 PPM av ਕਲੋਰੀਨ 30 ਮਿੰਟ ਤੱਕ ਫਿਰ ਘਚੱਲਣਾ ਤੇ ਮਗਰੋਂ ਸੁਕਾਉਣਾ ਇੱਕ ਪ੍ਰਵਾਨ ਕਰਨ ਯੋਗ ਬਦਲਵੀ ਕਾਰਵਾਈ ਹੈ। ਇੱਕ ਸੁੱਕੀ ਛੱਡੀ ਹੋਈ ਪੋਚੀ/ਪੋਚਾ ਮੁੜਕੇ ਰੋਗਾਣੂ ਵੰਡ ਦੇਵੇਗਾ ਜੋ ਕਿ ਚੁੱਕ ਲਏ ਗਏ ਹਨ। ਇੱਕ ਛੱਡਿਆ ਹੋਇਆ ਗਿੱਲਾ ਪੋਚਾ ਫੇਰ ਵਾਧਾ ਕਰੇਗਾ ਆਪਣੇ ਉੱਤੇ ਗੰਦੇ ਅੰਸ਼ਾਂ ਦਾ, ਜੋ ਦੁਬਾਰਾ ਸਫ਼ਾਈ ਸਮੇਂ ਰੋਗਾਣੂਆਂ ਦੀ ਵੰਡ ਕਰੇਗਾ।

2. **ਦਰੀਆਂ ਦੀ ਸੰਭਾਲ :** ਆਮ ਤੌਰ ਤੇ ਬੈਕਟੇਰੀਆ ਵੱਡੀ ਗਿਣਤੀ ਵਿੱਚ ਕਾਰਪੈਟ ਦਰੀਆਂ (Carpets) ਤੇ ਫਰਸ਼ਾਂ ਨਾਲੋਂ ਵਧੇਰੇ ਫਲਦੇ ਫੁਲਦੇ ਹਨ। ਦਰੀਆਂ ਨੂੰ ਪਹਿਲਾਂ ਟੈਸਟ ਕੀਤਾ ਜਾਵੇ ਕਿ ਕੀ ਉਨ੍ਹਾਂ ਦੀ ਸਮਰੱਥਾ ਰੋਗਾਣੂ ਰਹਿਤ ਕਰਨ ਤੇ ਕੀ ਹੈ। ਕਲੋਰੀਨ ਮਿਲੀਆ ਵਸਤਾਂ ਨੂੰ ਖ਼ੂਨ ਦੇ ਉਛਾਲੇ ਸਾਫ਼ ਕਰਨ ਲਈ ਵਰਤੋਂ ਪਰ ਇਸ ਨਾਲ ਬਹੁਤ ਸਾਰੀਆਂ ਦਰੀਆਂ ਨਸ਼ਟ ਹੋ ਜਾਂਦੀਆਂ ਹਨ। ਇਸ ਲਈ (Per oxygen) ਪਰਔਕਸੀਜਨ ਪਾਊਡਰ ਨੂੰ ਬਦਲਵੇਂ ਰੂਪ ਵਿੱਚ ਵਰਤਿਆ ਜਾ ਸਕਦਾ ਹੈ। ਡੁਲ੍ਹਣਾ/ਡਲਕਣ/ਉਛਾਲਾ ਨੂੰ ਵੀ ਪਾਣੀ ਦੇ ਡੀਟਰਜੈਂਟ ਘੋਲ ਨਾਲ ਦੂਰ ਕੀਤਾ ਜਾ ਸਕਦਾ ਹੈ ਪਰ ਬਹੁਤਾ ਉਛਾਲਾ ਨੂੰ ਸਾਂਭਣਾ ਮੁਸ਼ਕਿਲ ਹੁੰਦਾ ਹੈ ਕਿਉਂਕਿ ਧੱਬੇ ਦੀ ਗੰਧ ਹੁੰਦੀ ਹੈ ਇਸ ਲਈ ਇਨ੍ਹਾਂ ਨੂੰ ਹਸਪਤਾਲਾਂ (Clinical Areas) ਵਿੱਚ ਪਹਿਲ ਨਹੀਂ ਦਿੱਤੀ ਜਾਂਦੀ। ਦਫ਼ਤਰਾਂ ਵਿੱਚ ਅਤੇ ਪ੍ਰਬੰਧਕੀ ਖੇਤਰਾਂ ਵਿੱਚ (Carpets) ਦਰੀਆਂ ਦੀ ਸਾਂਭ ਸੰਭਾਲ ਰੱਖਣ ਲਈ ਹਰ ਰੋਜ (Vaccum) ਕਰਨਾ ਚਾਹੀਦਾ ਹੈ ਜਾਂ ਸੈਂਪੂ ਨਾਲ ਸਫ਼ਾਈ ਕਰਨੀ ਚਾਹੀਦੀ ਹੈ।

3. **ਕੰਧਾਂ ਤੇ ਛੱਤਾਂ ਦੇ ਅੰਦਰਲੇ ਹਿੱਸੇ :** ਇਨ੍ਹਾਂ ਨੂੰ ਗੰਦਗੀ ਤੋਂ ਮੁਕਤ ਕਰਨ ਲਈ ਸਾਫ਼ ਕਰਨਾ ਚਾਹੀਦਾ ਹੈ। ਪਰ ਇਹ ਸਫ਼ਾਈ 12-24 ਮਹੀਨੇ ਤੋਂ ਵੱਧ ਸਮੇਂ ਦੀ ਨਹੀਂ ਹੋਣੀ ਚਾਹੀਦੀ। ਮਰੀਜ਼ ਸਾਂਭ ਸੰਭਾਲ ਖੇਤਰਾਂ ਵਿੱਚ ਸਾਲ ਦੇ ਅੰਦਰ ਅਤੇ ਅਪ੍ਰੇਸ਼ਨ ਥੀਏਟਰਾਂ ਵਿੱਚ ਛੇ ਮਹੀਨੇ ਦੇ ਅੰਦਰ ਸਫ਼ਾਈ ਹੋਣੀ ਚਾਹੀਦੀ ਹੈ।

4. **ਬਾਥਰੂਮ ਅਤੇ ਲੈਵੇਟਰੀ ਦੀ ਸਫ਼ਾਈ :** ਇੱਕ ਛੱਡਿਆ ਹੋਇਆ ਬਾਥਰੂਮ ਨਾ ਕੇਵਲ ਸਫ਼ਾਈ ਰਹਿਤ ਹੁੰਦਾ ਹੈ ਸਗੋਂ ਇੱਕ ਐਂਡ ਹੋ ਜੋ ਯਾਤਰੀਆਂ ਨੂੰ ਅਤੇ ਸਟਾਫ਼ ਮੈਂਬਰਾਂ ਨੂੰ ਇਹ ਦਰਸਾਉਂਦੀ ਹੈ ਕਿ ਘਰ ਦੇ ਰੱਖ-ਰਖਾਓ ਦਾ ਵਿਭਾਗ ਚੰਗਾ ਕੰਮ ਨਹੀਂ ਕਰ ਰਿਹਾ ਹੈ। ਕਾਫ਼ੀ ਮਾਤਰਾ ਵਿੱਚ ਰੋਗਾਣੂ ਮੁਕਤ ਘੋਲ ਨੂੰ ਬਾਥਰੂਮ ਵਿੱਚ ਪਈਆਂ ਵਸਤਾਂ ਅਤੇ ਤਲਾਂ ਤੇ ਪਸਾਰਿਆ ਜਾਵੇ ਅਤੇ ਉਸਨੂੰ ਪੂਰੀ ਤਰ੍ਹਾਂ ਪੂਰੇ ਸਮੇਂ ਲਈ ਰੋਗਾਣੂ ਮੁਕਤ ਕੀਤਾ ਜਾ ਸਕੇ। ਟਾਇਲਟ ਦੀ ਸਫ਼ਾਈ (Flushing) ਨਾਲ ਰੋਗਾਣੂਆਂ ਨੂੰ ਘੱਟ ਪੱਧਰ ਤੱਕ ਰੱਖਿਆ ਜਾ ਸਕਦਾ ਹੈ। ਬੁਰਸ਼ਾਂ ਨੂੰ ਪਾਣੀ ਨਾਲ ਧੋਣਾ ਚਾਹੀਦਾ ਹੈ ਤੇ ਪੈੱਨ ਵਿੱਚ ਖੁਸ਼ਕ ਬਣਾ ਰੱਖ ਦੇਣਾ ਚਾਹੀਦਾ ਹੈ। ਬਾਥਰੂਮ ਰੋਗਾਣੂਆਂ ਦੇ ਚੁਫੇਰੇ ਪਸਾਰ ਵਿੱਚ ਘਿਰ ਸਕਦੇ ਹਨ। ਇਸ ਲਈ ਸਕਾਉਰਿੰਗ ਪਾਊਡਰ (Scouring Powder) ਜਾਂ ਤਰਲ ਡਿਟਰਜੈਂਟ ਨਾਲ ਵਰਤੋਂ ਮਗਰੋਂ ਪੂਰੀ ਸਫ਼ਾਈ ਕੀਤੀ ਜਾਵੇ। ਬਾਊਲ (ਭਾਂਡੇ) Bowl Cleaner ਦੀ ਰੋਜ਼ਾਨਾ ਵਰਤੋਂ ਦੀ ਲੋੜ ਨਹੀਂ ਕਿਉਂਕਿ ਉਹ ਤੇਜ਼ਾਬ ਹਨ ਅਤੇ ਉਨ੍ਹਾਂ ਨੂੰ ਮਾਹਿਰ ਹੀ ਵਰਤ ਸਕਦਾ ਹੈ। ਇਹ ਬਹੁਤਾ ਮਹਿੰਗਾ ਨਹੀਂ ਸੀ ਅਤੇ ਸੁਰਖਿਅਤ ਵੀ ਜਿਸ ਨਾਲ ਰੋਗਾਣੂ ਮੁਕਤ ਡਿਟਰਜੈਂਟ (Detergent) ਨਾਲ ਟਾਇਲਟ ਨੂੰ ਰੋਜ਼ਾਨਾ ਸਾਫ਼ ਕੀਤਾ ਜਾਵੇ।

5. **ਸੰਬੰਧਤ ਖੇਤਰ :** ਇਸ ਵਿੱਚ ਦਫ਼ਤਰ, ਸੋਲਾਰੀਆ (Solaria) ਅਤੇ ਉਡੀਕ ਕਮਰਾ ਸ਼ਾਮਲ ਹਨ। ਆਮ ਮੱਤ ਅਨੁਸਾਰ, ਸਫ਼ਾਈ ਦਾ ਉਹੀ ਨਿਯਮ ਇੱਥੇ ਵੀ ਲਾਗੂ ਹੈ ਪਰ ਸਖਤ ਢੰਗ ਨਾਲ ਘੱਟ-2 ਦੇਰ ਬਾਅਦ। ਉਦੇਸ਼ ਸਾਫ਼ ਤੇ ਸੁਰੱਖਿਅਤ ਵਾਤਾਵਰਨ ਪੈਦਾ ਕਰਨ ਦੀ ਹੈ।

6. **ਕਾਰੀਡੋਰ (Corridor) ਅਤੇ (Stairwells) :** ਦੋ ਜ਼ਰੂਰੀ ਗੱਲਾਂ ਜਿਨ੍ਹਾਂ ਦੀ ਪਾਲਣਾ (Stairwells and Corridors) ਪਹਿਲਾਂ ਗਿੱਲੇ ਫਰਸ਼ਾਂ ਦੇ ਚਿੰਨ੍ਹ ਜੇਕਰ ਫਰਸ਼ ਗਿਲਾ ਹੈ ਅਤੇ ਦੂਜਾ ਅੱਧਾ ਕੋਰੀਡਰ (Corridor) ਜਾਂ (Stairwell) ਇੱਕ ਸਮੇਂ ਤੇ ਕੀਤਾ ਤਾਂ ਕਿ ਦੁਰਘਟਨਾ ਤੋਂ ਬਚਿਆ ਜਾ ਸਕੇ।



Downloaded from https:// www.studiestoday.com

Downloaded from https:// www.studiestoday.com

7. **ਰਸੋਈ ਕੰਮ ਤਲ :** ਸਾਰੇ ਰੋਗਾਣੂ ਮੁਕਤ ਸੁਸਤ ਹੋ ਜਾਂਦੇ ਹਨ ਕਿਸੇ ਹੱਦ ਤੱਕ ਭੋਜਨ, ਵਿਸ਼ੇਸ਼ ਤੌਰ ਤੇ ਪ੍ਰੋਟੀਨ ਇਨ੍ਹਾਂ ਨੂੰ ਸੁਸਤ ਰੱਖਦੀ ਹੈ। ਇੱਕ ਦੋ ਕਦਮੀ ਉਪਾਅ ਪ੍ਰਕ੍ਰਿਆ ਸਫ਼ਾਈ ਡਿਟਰਜੈਂਟ ਨਾਲ ਅਤੇ ਫਿਰ ਰੋਗਾਣੂ ਮੁਕਤ ਵਸਤ ਨਾਲ ਰੋਗਾਣੂ ਮੁਕਤ ਕਰਨ ਨਾਲ ਸਭ ਤੋਂ ਵਧੀਆ ਨਤੀਜਾ ਮਿਲਦਾ ਹੈ।

## ਅਭਿਆਸ

1. **ਇੱਕ ਨੇੜੇ ਦੇ ਹਸਪਤਾਲ ਵਿੱਚ ਜਾਓ ਅਤੇ ਕਿਸੇ ਪੰਜ ਵਿਭਾਗਾਂ ਵਿੱਚ ਹਸਪਤਾਲ ਦੇ ਸਫ਼ਾਈ ਦੇ ਤਰੀਕਾ ਦੇਖੋ। ਉਸ ਰਸਾਇਣ ਦਾ ਨਾਮ ਲਿਖੋ ਜੋ ਸਫ਼ਾਈ ਲਈ ਵਰਤਿਆ ਗਿਆ ਅਤੇ ਹੇਠ ਲਿਖਿਆ ਟੇਬਲ ਭਰੋ।**

| ਕ੍ਰਮ ਨੰ. | ਵਿਭਾਗ ਦਾ ਨਾਂ | ਸਫ਼ਾਈ ਦਾ ਤਰੀਕਾ | ਰਸਾਇਣ ਜਿਸ ਦੀ ਵਰਤੋਂ ਕੀਤੀ |
|---|---|---|---|
| 01 | | | |
| 02 | | | |
| 03 | | | |
| 04 | | | |
| 05 | | | |

2. **ਨੇੜੇ ਦੇ ਹਸਪਤਾਲ ਜਾਉ ਅਤੇ ਵੱਖ-2 ਖੇਤਰਾਂ 'ਚ ਵੱਖ-2 ਪੱਧਰ ਦੀ ਸਫ਼ਾਈ ਦੇਖੋ ਅਤੇ ਹੇਠ ਲਿਖਿਆ ਟੇਬਲ ਭਰੋ।**

| ਕ੍ਰਮ ਨੰ. | ਸਫ਼ਾਈ ਦਾ ਪੱਧਰ | ਖੇਤਰ/ਵਾਰਡ ਜੋ ਹਸਪਤਾਲ ਦੇ ਹਨ |
|---|---|---|
| 01 | ਤਲ ਦੀ ਸਫ਼ਾਈ | |
| 02 | ਰੋਗਾਣੂ ਮੁਕਤ ਪੋਚੇ | |
| 03 | ਰੋਗਾਣੂ ਮੁਕਤੀ | |
| 04 | ਰੋਗਾਣੂ ਮੁਕਤ ਕਰਨਾ | |

## ਮੁੱਲਾਂਕਣ

### (ੳ) ਛੋਟਿਆਂ ਉੱਤਰਾਂ ਵਾਲੇ ਪ੍ਰਸ਼ਨ

1. **ਹਸਪਤਾਲ ਵਿੱਚ ਰੋਗਾਣੂਆਂ ਹੋਣ ਦੇ ਕੀ ਕਾਰਨ ਹਨ?**

..........................................................................................

..........................................................................................

..........................................................................................



Downloaded from https:// www.studiestoday.com

Downloaded from https:// www.studiestoday.com

2. ਹੱਥਾਂ ਦੀ ਸਫ਼ਾਈ ਦੀ ਰੋਗਾਣੂ ਰੋਕਣ ਦੀ ਭੂਮਿਕਾ ਹੈ ?

..........................................................................................

..........................................................................................

..........................................................................................

3. ਵੱਖ-2 ਪੱਧਰਾਂ ਦੀ ਸਫ਼ਾਈ ਦੀ ਸੂਚੀ ਬਣਾਓ—

..........................................................................................

..........................................................................................

..........................................................................................

4. ਹਸਪਤਾਲ ਵਿੱਚ ਕਿੰਨੀ-2 ਦੇਰ ਬਾਅਦ ਲੁੜੀਂਦੀ ਹੈ ?

..........................................................................................

..........................................................................................

..........................................................................................

5. ਹਸਪਤਾਲ ਵਿੱਚ ਸਫ਼ਾਈ ਕਰਨ ਵਾਲੀਆਂ ਵਸਤਾਂ ਕਿਹੜੀਆਂ-2 ਹਨ ?

..........................................................................................

..........................................................................................

..........................................................................................

6. ਹਸਪਤਾਲ ਦੇ ਵੱਖ-2 ਖੇਤਰਾਂ ਦੀ ਸਫ਼ਾਈ ਦੀ ਤਕਨੀਕ ਬਾਰੇ ਖੋਲ੍ਹ ਕੇ ਵਰਣਨ ਕਰੋ ?

..........................................................................................

..........................................................................................

..........................................................................................

**(ਅ) ਖਾਲੀ ਸਥਾਨ ਭਰੋ—**

1. ਐਨੀਔਨਿਕ (Anionic liquid) ਤਰਲ ਬਹੁਤ ਢੁੱਕਵਾਂ ........... ਅਤੇ ਬਾਥਸ ਲਈ।
2. ਰੋਗਾਣੂ ਮੁਕਤੀ ਪੂਰੀ ਤਰ੍ਹਾਂ ਬੈਕਟੀਰੀਆਂ ਨੂੰ ਖ਼ਤਮ ਕਰ ਦਿੰਦੀ ਹੈ ਅਤੇ .............।
3. ਅਰਧ ਮਾਰੂ ਡਾਕਟਰੀ ਵਿਧੀਆਂ ਨੂੰ ਲੋੜ ਹੈ .......... ਪੱਧਰ ਰੋਗਾਣੂ ਮੁਕਤ।

## ਮੁੱਲਾਂਕਣ ਸੰਬੰਧੀ ਚੈੱਕ ਲਿਸਟ

ਹੇਠ ਲਿਖੀ ਚੈੱਕ ਲਿਸਟ ਦੀ ਵਰਤੋਂ ਕਰੋ ਇਹ ਦੇਖਣ ਲਈ ਕਿ ਕੀ ਤੁਸੀਂ ਮੁੱਲਾਂਕਣ ਕਿਰਿਆ ਸੰਬੰਧੀ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ।



Downloaded from https:// www.studiestoday.com

Downloaded from https:// www.studiestoday.com

### ਭਾਗ-ੳ (Part-A)

#### ਹੇਠ ਲਿਖਿਆਂ ਵਿੱਚ ਫਰਕ ਪਤਾ ਕੀਤਾ—

1. ਤਲ ਸਫ਼ਾਈ ਤੇ ਰੋਗਾਣੂ ਮੁਕਤ ਪੋਚੇ।
2. ਛੂਤ (ਰੋਗਾਣੂ) ਮੁਕਤੀ ਅਤੇ ਰੋਗਾਣੂ ਨਾਸ਼ਕ।
3. ਫਰਸ਼ ਤੇ ਦਰੀ ਦੀ ਸਫ਼ਾਈ ਲਈ ਵਰਤੀ ਗਈ ਤਕਨੀਕ।
4. ਸਫ਼ਾਈ ਦੀਆਂ ਤਕਨੀਕਾਂ

### ਭਾਗ-ਅ (Part-B)

#### ਸ਼੍ਰੇਣੀ ਵਿੱਚ ਚਰਚਾ ਕੀਤੀ—

1. ਸਫ਼ਾਈ ਦੇ ਪੱਧਰ।
2. ਹਸਪਤਾਲ ਦੇ ਫਰਸ਼ ਤੇ ਰੋਗਾਣੂ ਮੁਕਤ ਪੋਚੇ ਕਿਉਂ ਲੋੜੀਂਦੇ ਹਨ?
3. ਹਸਪਤਾਲ ਦੇ ਵੱਖ-2 ਖੇਤਰਾਂ ਵਿੱਚ ਵੱਖ-2 ਸਫ਼ਾਈ ਦੇ ਤਰੀਕੇ ਦਿਉ।

### ਭਾਗ-ੲ (Part-C)

#### ਪ੍ਰਦਰਸ਼ਨ ਪੱਧਰ

**ਪ੍ਰਦਰਸ਼ਨ ਪੱਧਰ ਵਿੱਚ ਸ਼ਾਮਲ ਹੈ ਪਰ ਹੱਦ ਨਹੀਂ।**

| ਪ੍ਰਦਰਸ਼ਨ ਪੱਧਰ (Performance Standard) | ਹਾਂ | ਨਾਂ |
|---|---|---|
| ਹਸਪਤਾਲ ਵਿੱਚ ਸਫ਼ਾਈ ਤਕਨੀਕਾਂ ਦੇ ਵੱਖ-2 ਪੱਧਰ ਪਛਾਣੋ | | |
| ਹਸਪਤਾਲ ਵਿੱਚ ਵੱਖ-2 ਰਸਾਇਣ ਜੋ ਫਰਸ਼ ਦੀ ਸਫ਼ਾਈ ਵਿੱਚ ਵਰਤੇ ਜਾਂਦੇ ਹਨ ਦੀ ਪਛਾਣ ਕਰੋ | | |
| (GDA) ਆਮ ਡਿਊਟੀ ਸਹਾਇਕ ਦੇ ਗਿਆਨ ਦੀ ਭੂਮਿਕਾ ਦਾ ਪ੍ਰਦਰਸ਼ਨ ਜੋ ਉਸਨੇ ਕਿਵੇਂ ਵੱਖ-2 ਵਾਰਡਾਂ ਨੂੰ ਰੋਗਾਣੂ ਮੁਕਤ ਕਰਨ ਲਈ ਕੀਤੀ। | | |

—0—



Downloaded from https:// www.studiestoday.com

Downloaded from https:// www.studiestoday.com

# ਸੈਸ਼ਨ-4 : ਚੀਰ ਫਾੜ ਦਾ ਵਿਸ਼-ਅਣੂ ਰਹਿਤ ਢੰਗ

## ਸੰਬੰਧਿਤ ਗਿਆਨ

ਇਸ ਸੈਸ਼ਨ ਵਿੱਚ ਤੁਸੀਂ ਵੱਖ-2 ਤਰੀਕਿਆਂ ਰਾਹੀਂ ਛੂਤ ਲੱਗਣ ਤੇ ਵਿਸ਼-ਅਣੂ ਰਹਿਤ ਢੰਗਾਂ ਬਾਰੇ ਸਿੱਖੋਗੇ। ਤੁਸੀਂ ਉਹ ਤਰੀਕਾ ਵੀ ਪੜ੍ਹੋਗੇ ਜਿਸ ਵਿੱਚ ਰੋਗਾਣੂ ਰਹਿਤ ਪੈਕੇਜ ਅਤੇ ਦਸਤਾਨਿਆਂ ਦੀ ਵਰਤੋਂ ਦੇ ਨਾਲ-ਨਾਲ ਗਾਊਨ ਤੇ ਚਿਹਰੇ ਦੇ ਪਰਦਿਆਂ ਬਾਰੇ ਵੀ ਦਸਿਆ ਹੋਵੇਗਾ।

### ਬਦਲਵੀਂ ਛੂਤ/ਲਾਗ

ਆਮ ਵਿਅਕਤੀਆਂ ਵਿੱਚ ਜੋ ਵੱਖ-2 ਰੋਗ ਜਣਨ ਸੰਗਠਨ ਰਾਹੀਂ ਛੂਤ ਲਗਦੀ ਹੈ। ਇਹ ਬਦਲਵੀਂ ਛੂਤ ਆਮ ਤੌਰ ਤੇ ਹਸਪਤਾਲਾਂ ਵਿੱਚ ਵਾਪਰਦੀ ਹੈ। ਇਹ ਇੱਕ ਅਜਿਹੀ ਲਾਗ ਦੀ ਬੀਮਾਰੀ ਹੈ ਜਿਸ ਲਈ ਉਹ ਦਾਖਲ ਹੈ ਜਾਂ ਨਹੀਂ। ਦੂਜੇ ਸ਼ਬਦਾਂ ਵਿੱਚ ਇੱਕ ਗਾਹਕ ਨੂੰ ਛੂਤ ਲਗਦੀ ਹੈ ਹੋਰ ਕਿਸੇ ਤੋਂ ਜਦੋਂ ਉਹ ਹਸਪਤਾਲ ਵਿੱਚ ਦਾਖਲ ਹੁੰਦਾ ਹੈ।

### ਲਾਗ/ਛੂਤ ਦਾ ਸੰਸਾਰ ਦਾ ਤਰੀਕਾ

ਛੂਤ ਦੇ ਸੰਚਾਰ/ਬਦਲ ਦੇ ਹੇਠ ਲਿਖੇ ਤਰੀਕੇ ਹਨ।

1. **ਸਿੱਧਾ ਮੇਲ** : ਇਸ ਵਿੱਚ ਸੰਗਠਨ/ਕੀਟਾਣੂ ਸਿੱਧੇ ਵਿਅਕਤੀ ਤੋਂ ਵਿਅਕਤੀ ਰਾਹੀਂ ਜਿਵੇਂ ਚੁੰਮਣ, ਪੁਰਸ਼ ਇਸਤ੍ਰੀ ਮੇਲ, ਦੂਜੀ ਲਾਗ ਅਤੇ ਛੂਤ ਵਾਲੇ ਹੱਥ।
2. ਮਲੀਨ ਭੋਜਨ ਤੇ ਪਾਣੀ ਰਾਹੀਂ।
3. ਕੀੜਿਆਂ ਰਾਹੀਂ।
4. ਧੂੜ ਰਾਹੀਂ।
5. ਲਿਜਾਣ ਵਾਲੀਆਂ ਵਸਤਾਂ।

### ਡਾਕਟਰੀ ਵਿਸ਼-ਅਣੂ ਰਹਿਤ ਢੰਗ

ਡਾਕਟਰੀ ਵਿਸ਼-ਅਣੂ ਰਹਿਤ ਢੰਗ ਉਨ੍ਹਾਂ ਸਾਰਿਆਂ ਤਰੀਕਿਆਂ ਬਾਰੇ ਦੱਸਦਾ ਹੈ ਜਿਸ ਵਿੱਚ ਸਾਰੀਆਂ ਵਸਤਾਂ ਤੇ ਖੇਤਰਾਂ ਨੂੰ ਹਰ ਤਰ੍ਹਾਂ ਦੇ ਰੋਗਾਣੂ ਸੰਗਠਨਾਂ ਤੋਂ ਦੂਰ ਰੱਖਾਂਗੇ। ਡਾਕਟਰੀ ਢੰਗਾਂ ਵਿੱਚ ਸਾਰੇ ਅਮਲ ਸਰੀਰ ਵਿੱਚ ਵਿਸ਼-ਅਣੂਆਂ ਦੇ ਸੰਚਾਰ ਨੂੰ ਰੋਕਣ ਲਈ ਕੀਤੇ ਜਾਂਦੇ ਹਨ। ਪਰ ਚੀਰ ਫਾੜ ਵਿੱਚ ਸਾਰੇ ਅਮਲ ਵਿਸ਼ ਰੋਗਾਣੂਆਂ ਨੂੰ ਖ਼ਤਮ ਕਰਨ ਵਿੱਚ ਲਗਾਏ ਜਾਂਦੇ ਹਨ। ਦੋਵੇ (Both Pathogenic & Non Pathogenic) ਡਾਕਟਰੀ (Asepesis) ਵਿਸ਼-ਅਣੂ ਰਹਿਤ ਢੰਗ ਵਿੱਚ (Clean Technique) ਤਕਨੀਕ ਵਰਤੀ ਜਾਂਦੀ ਹੈ ਪਰ ਚੀਰ ਫਾੜ ਵਿੱਚ "Sterile Techniques" ਦੀ ਵਰਤੋਂ ਹੁੰਦੀ ਹੈ।



Downloaded from https:// www.studiestoday.com

Downloaded from https:// www.studiestoday.com

### ਹੱਥ ਧੋਣੇ

ਚੀਰ ਫਾੜ ਦੀ (Asepesis) ਵਿਸ਼-ਅਣੂ ਰਹਿਤ ਢੰਗ ਹੱਥ 3 ਤੋਂ 5 ਮਿੰਟ ਤੱਕ ਹੱਥਾਂ ਨੂੰ ਪੂਰੀ ਤਰ੍ਹਾਂ ਸਾਫ਼ ਕੀਤਾ ਜਾਂਦਾ ਹੈ (ਅਪ੍ਰੇਸ਼ਨ ਕਮਰੇ ਵਿੱਚ ਹੱਥਾਂ ਨੂੰ 10 ਮਿੰਟ ਤੱਕ ਰਗੜਿਆ ਜਾਂਦਾ ਹੈ) ਉਨ੍ਹਾਂ ਨੂੰ ਧੋਣ ਸਮੇਂ ਕੂਹਣੀਆਂ ਤੋਂ ਉੱਪਰ 'ਚੀਰ ਫਾੜ ਵਿੱਚ ਕੂਹਣੀਆਂ ਨੂੰ ਹੱਥਾਂ ਨਾਲ ਵੱਧ ਮਲੀਨ ਹੁੰਦੀਆਂ ਹਨ' ਇਸ ਲਈ ਪਾਣੀ ਨੂੰ ਘੱਟ ਮਲੀਨ ਵਾਲੇ ਪਾਸਿਉਂ (ਹੱਥਾਂ) ਵੱਲੋਂ ਕੂਹਣੀਆਂ ਵੱਲ ਭੇਜਿਆ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਸਾਬਣ ਚੰਗੀ ਤਰ੍ਹਾਂ ਰੱਖਿਆ ਜਾਵੇ ਕਿ ਪਾਣੀ ਨਾਲ ਬੁਰਸ਼ ਦੀ ਵਰਤੋਂ ਕਰਕੇ ਕਈ ਵਾਰ ਸਾਫ਼ ਕੀਤਾ ਜਾਵੇ। ਇੱਕ ਰੋਗਾਣੂ ਮੁਕਤ ਤੌਲੀਆਂ ਹੱਥਾਂ ਤੇ ਬਾਹਾਂ ਨੂੰ ਸਾਫ਼ ਕਰਨ ਲਈ ਵਰਤਿਆ ਜਾਂਦਾ ਹੈ ਇਹ ਪ੍ਰਕ੍ਰਿਆ ਹੱਥਾਂ ਤੋਂ ਸ਼ੁਰੂ ਹੋਕੇ ਕੂਹਣੀਆਂ ਤੱਕ ਹੋਵੇਗੀ। ਚੀਰ ਫਾੜ ਸ਼ੁਰੂ ਹੋਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਸਿਰ ਤੇ ਟੋਪੀਆਂ ਤੇ ਪਰਦੇ (Masks) ਮਖੌਟੇ ਪਾ ਲਏ ਜਾਣ।

### ਇੱਕ ਰੋਗਾਣੂ ਰਹਿਤ ਲਿਪਟਿਆ ਪੈਕੇਜ

01 ਹੱਥਾਂ ਨੂੰ ਪੂਰੀ ਤਰ੍ਹਾਂ ਧੋਵੋ।

02 ਲੱਕ ਤੋਂ ਉੱਪਰ ਵੱਡਾ ਖੇਤਰ ਚੁਣੋ।

03 ਪੈਕੇਜ ਨੂੰ ਇਸ ਤਰੀਕੇ ਨਾਲ ਰੱਖੋ ਤਾਂ ਕਿ ਇਸ ਨੂੰ ਸਰੀਰ ਤੋਂ ਪਰੇ ਖੋਲਿਆ ਜਾ ਸਕੇ।

04 ਫਲੈਪ ਜੋ ਸਭ ਤੋਂ ਦੂਰ ਹੈ ਨੂੰ ਪਹਿਲਾਂ ਖੋਲਿਆ ਜਾਂਦਾ ਹੈ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਇਹ ਰੋਗਾਣੂ ਰਹਿਤ ਖੇਤਰ ਤੋਂ ਉੱਪਰ ਨਾ ਜਾਵੇ ਫਿਰ ਸਿਰਿਆਂ ਦੇ ਫਲੈਪ ਖੋਲੇ ਜਾਂਦੇ ਹਨ ਅਤੇ ਜੋ ਫਲੈਪ (GDA) ਦੇ ਸਭ ਤੋਂ ਨੇੜੇ ਹੋਵੇ ਉਸਨੂੰ ਸਭ ਤੋਂ ਬਾਅਦ ਖੋਲਿਆ ਜਾਂਦਾ ਹੈ।

ਜਦੋਂ ਫਲੈਪ ਖੋਲੇ ਜਾਣ ਉਦੋਂ ਇਹ ਧਿਆਨ ਰੱਖਿਆ ਜਾਵੇ ਕਿ ਕਵਰ (Wrapper) ਦੇ ਅੰਦਰ ਨੂੰ ਨਾ ਛੂਹਿਆ ਜਾਵੇ। ਜਦੋਂ ਅਖੀਰਲਾ ਫਲੈਪ ਖੋਲਿਆ ਜਾਵੇ ਇਹ ਜ਼ਰੂਰੀ ਹੈ ਕਿ ਪਿੱਛੇ ਖੜਿਆ ਜਾਵੇ ਤਾਂ ਕਿ (GDA) ਦੀ ਵਰਦੀ ਦੀ ਮਲੀਨਤਾ ਤੋਂ ਬਚਿਆ ਜਾ ਕੇ। ਜੇਕਰ ਅੰਦਰੂਨੀ (Wrapper) ਕਵਰ ਕਾਇਮ ਹੈ ਇਸ ਨੂੰ ਉਸੇ ਢੰਗ ਨਾਲ ਖੋਲਿਆ ਜਾਵੇ ਪਰ ਇਸ ਵਿੱਚ ਰੋਗਾਣੂ ਰਹਿਤ ਚਿਮਟੇ/ਜਮੂਰ ਦੀ ਵਰਤੋਂ ਕੀਤੀ ਜਾਵੇ।

### ਰੋਗਾਣੂ ਰਹਿਤ ਟਰੇ ਨੂੰ ਦੁਬਾਰਾ ਲਪੇਟ

ਜਦੋਂ ਟਰੇ ਨੂੰ ਦੁਬਾਰਾ ਲਪੇਟਣਾ ਹੋਵੇ ਤਾਂ ਇਹ ਉਸੇ ਤਰਤੀਬ ਵਿਚ ਦੁਬਾਰਾ ਲਪੇਟਿਆ ਜਾਵੇ, ਜਿਸ ਵਿਚ ਅਸੀ ਉਸ ਨੂੰ ਖੋਲਦੇ ਹਾਂ। ਬਹੁਤ ਨੇੜੇ ਵਾਲਾ ਫਲੈਪ ਨੂੰ ਪਹਿਲਾਂ ਬੰਦ ਕਰਨਾ ਹੈ ਤਾਂ ਕਿ ਉਹ ਰੋਗਾਣੂ ਖੇਤਰ ਵਿਚ ਨਾ ਜਾ ਸਕੇ। ਆਲੇ ਦੁਆਲੇ ਦੇ ਫਲੈਪ ਬਾਅਦ ਵਿਚ ਬੰਦ ਕਰਨੇ ਚਾਹੀਦੇ ਹਨ, ਆਖਿਰ ਵਿਚ ਦੂਰ ਵਾਲੇ ਫਲੈਪ ਲਪੇਟੇ ਜਾਣ।

### ਦਸਤਾਨਿਆਂ ਦੀ ਵਰਤੋਂ

ਪਹਿਲਾ ਦਸਤਾਨਾ ਪਾਉਣ ਤੋਂ ਪਹਿਲਾਂ (GDA) ਦਸਤਾਨੇ ਨੂੰ ਇਸਦੀ ਕਫ ਤੋਂ ਫੜਦਾ ਹੈ ਇਸ ਗੱਲ ਦਾ ਧਿਆਨ ਰੱਖਦੇ ਹੋਏ ਕਿ ਦਸਤਾਨੇ ਦਾ ਅੰਦਰਲਾ ਹਿੱਸਾ ਹੀ ਛੋਹਿਆ ਜਾਵੇ। ਰੋਗਾਣੂ ਰਹਿਤ ਬਾਹਰੀ ਹਿੱਸਾ ਕਾਇਮ ਰੱਖਿਆ ਜਾਵੇ। ਯਾਦ ਰੱਖੋ ਕਿ (GDA) ਦੇ ਹੱਥਾਂ ਨੂੰ ਮਲੀਨ ਸਮਝਿਆ ਜਾਂਦਾ ਹੈ ਦੂਜਾ ਦਸਤਾਨਾ ਪਾਉਣ ਲਈ ਰੋਗਾਣੂ ਰਹਿਤ ਹੀ ਵਰਤਿਆ ਜਾਵੇ।

ਦੂਜਾ ਦਸਤਾਨਾ ਦਸਤਾਨੇ ਚ ਪਈ ਉਂਗਲ ਇਸਦੇ ਥੱਲੇ ਕਫ ਰਾਹੀਂ ਚੁੱਕਿਆ ਜਾਂਦਾ ਹੈ। ਦੂਜੇ ਦਸਤਾਨੇ ਨੂੰ ਫਿਰ ਖਿੱਚ ਲਿਆ ਜਾਂਦਾ ਹੈ। ਦੋਨੋਂ ਦਸਤਾਨਿਆਂ ਦੇ ਕਫ ਖੋਲ੍ਹੇ ਲਏ ਜਾਣ ਇਸ ਵਿੱਚ ਰੋਗਾਣੂ ਰਹਿਤ ਸਿਰਿਆਂ ਨੂੰ ਹੀ ਛੋਹਿਆ ਜਾਵੇ।



Downloaded from https:// www.studiestoday.com

Downloaded from https:// www.studiestoday.com

### ਗਾਊਨ ਪਾਉਣੇ

ਰੋਗਾਣੂ ਰਹਿਤ ਗਾਊਨ, ਅਪ੍ਰੇਸ਼ਨ ਕਮਰਿਆਂ, ਜਣੇਪਾ ਕਮਰੇ ਅਤੇ ਜਦੋਂ ਖੁਲ੍ਹੇ ਜ਼ਖਮ ਹੋਣ, ਜਿੱਥੇ ਰੋਗਾਣੂ ਰਹਿਤ ਤਕਨੀਕ ਦੀ ਲੋੜ ਹੈ, ਜਲਨ ਵਾਲੇ ਗਾਹਕ ਨੂੰ ਸਾਂਭਣਾ ਗਾਊਨਾਂ ਨੂੰ ਰੋਗਾਣੂ ਰਹਿਤ ਕਰਨ ਲਈ ਇਨ੍ਹਾਂ ਦੀ ਅੰਦਰ ਬਾਹਰ ਤਹਿ ਲਾਈ ਜਾਂਦੀ ਹੈ ਅਤੇ ਇਨ੍ਹਾਂ ਨੂੰ ਇੱਕ ਦਿਸ਼ਾ 'ਚ ਹੀ ਛੂਹਿਆ ਜਾਂਦਾ ਹੈ।

### ਗਾਊਨ ਪਾਉਣ ਸਮੇਂ ਯਾਦ ਰੱਖਣ ਯੋਗ ਗੱਲਾਂ

1. ਪਹਿਲਾਂ ਸਿਰ ਤੇ ਟੋਪੀ ਤੇ (ਮਾਸਕ) ਮਖੌਟਾ ਪਾਓ।
2. ਹੱਥਾਂ ਨੂੰ ਪੂਰੀ ਤਰ੍ਹਾਂ ਰਗੜੋ।
3. ਹੱਥਾਂ ਨੂੰ ਰੋਗਾਣੂ ਰਹਿਤ ਤੋਲੀਏ ਨਾਲ ਸੁਕਾਓ।
4. ਤਹਿ ਲੱਗੇ ਗਾਊਨ ਨੂੰ ਗਰਦਨ ਤੋਂ ਚੁੱਕੋ, ਰੋਗਾਣੂ ਰਹਿਤ ਬੰਡਲ ਅਤੇ ਮੇਜ ਤੋਂ ਇੱਕ ਫੁੱਟ ਦੀ ਦੂਰੀ ਤੇ ਪਿੱਛੇ ਖੜੋ।
5. ਸਰੀਰ ਤੋਂ ਪਰੇ, ਗਾਊਨ ਦੀ ਤਹਿ ਖੋਲੋ। ਇਸ ਨੂੰ ਨਾ ਹਿਲਾਓ।
6. ਮੋਢਿਆਂ ਦੇ ਅੰਦਰ ਗਾਊਨ ਪਕੜੋ ਅਤੇ ਵਾਰੀ-2 ਹੱਥਾਂ ਨੂੰ ਬਾਹਾਂ ਦੇ ਛੇਕਾਂ ਵਿੱਚ ਪਾਓ।
7. ਬਾਹਵਾਂ ਨੂੰ ਫੈਲਾਓ ਅਤੇ ਹੱਥਾਂ ਨੂੰ ਉੱਪਰ ਵੱਲ ਕਰੋ ਮੋਢੇ ਤੱਕ ਜਦੋਂ ਉਨ੍ਹਾਂ ਨੂੰ ਬਾਹਵਾਂ ਦੇ ਛੇਕਾਂ ਵਿੱਚ ਪਾਉਣਾ ਹੋਵੇ।
8. ਕੰਮ ਤੇ ਸਟਾਫ਼ ਤਦ ਉਸਦੀ ਸਹਾਇਤਾ ਕਰਦਾ ਹੈ, ਪਿੱਛੇ ਖੜਕੇ (Sleeve) ਖਿੱਚ ਕੇ ਅਤੇ ਗਾਊਨ ਨੂੰ ਅੰਦਰੋਂ ਫੜਦਾ ਹੈ।
9. ਤਦ ਗਾਊਨ ਨੂੰ ਕਸਿਆ ਜਾਂਦਾ ਹੈ ਗਰਦਨ ਤੇ ਇਸਨੂੰ ਕਸਣ ਦੀ ਕਾਰਵਾਈ ਘੁੰਮ ਰਹੀ ਨਰਸ ਕਰਦੀ ਹੈ ਅਤੇ ਖੁਲ੍ਹੇ ਸਿਰਿਆਂ ਦੀ ਤਹਿ ਲਗਾਈ ਜਾਂਦੀ ਹੈ ਜਾਂ ਇਕੱਠੇ ਫੜੇ ਜਾਂਦੇ ਹਨ।
10. ਲੱਕ ਦੁਆਲਾ ਬੰਧ ਕਸੇ ਜਾਂਦੇ ਹਨ ਜੋ ਕਿ ਘੁੰਮ ਰਹੇ ਸਟਾਫ਼ ਵਲੋਂ ਕੀਤੇ ਜਾਂਦੇ ਹਨ।

### ਚਿਹਰੇ ਦੇ ਮਖੌਟੇ (Masks)

(ਮਾਸਕਾਂ ਮਖੌਟੇ ਆਮ ਤੌਰ ਤੇ ਸੂਖਮ ਸੰਗਠਨ ਨੂੰ ਗਾਹਕ ਤੋਂ ਤੇ ਵੱਲ ਫੈਲਾਉ ਨੂੰ ਰੋਕਣ ਲਈ ਹਨ, ਜੋ ਕੇ ਸਾਹ ਰਾਹੀਂ ਦਾਖਲ ਹੁੰਦੇ ਹਨ। ਮਖੌਟਿਆਂ ਨੂੰ ਇੱਕ ਵਾਰ ਹੀ ਪਹਿਨਣਾ ਚਾਹੀਦਾ ਹੈ ਅਤੇ ਫਿਰ ਇਨ੍ਹਾਂ ਨੂੰ ਤਿਆਗ ਦੇਣਾ ਚਾਹੀਦਾ ਹੈ ਤਾਂ ਕਿ ਪ੍ਰਭਾਵੀ ਢੰਗ ਨਾਲ ਰੋਗਾਣੂਆਂ ਨੂੰ ਰੋਕਿਆ ਜਾ ਸਕੇ। ਜੋ (ਮਾਸਕ) ਮਖੌਟੇ ਗਿੱਲੇ ਹੁੰਦੇ ਹਨ ਉਹ ਘੱਟ ਪ੍ਰਭਾਵੀ ਹੁੰਦੇ ਹਨ ਅਤੇ ਇਨ੍ਹਾਂ ਨੂੰ ਤਿਆਗ ਦੇਣਾ ਚਾਹੀਦਾ ਹੈ। ਇਹ ਗੱਲ ਸਹੀ ਮੰਨੀ ਜਾਵੇ ਕਿ ਮਖੌਟਿਆਂ ਨੂੰ ਲਗਾਤਾਰ ਇੱਕ ਤੋਂ ਦੋ ਘੰਟੇ ਤੱਕ ਪਾਇਆ ਜਾਵੇ। ਮਖੌਟਾ ਇਕਾਈ (Unit) ਤੋਂ ਬਾਹਰ ਨਹੀਂ ਪਾਇਆ ਜਾਂਦਾ। ਮਖੌਟਿਆਂ ਨੂੰ ਮੂੰਹ ਤੇ ਨੱਕ ਲਕੋਣ ਲਈ ਵਰਤਿਆ ਜਾਵੇ ਅਤੇ ਇਨ੍ਹਾਂ ਨੂੰ ਸੂਖਮ ਰੋਗਾਣੂਆਂ ਦੇ ਸਿਰਿਆਂ ਤੋਂ ਫੈਲਣ ਤੋਂ ਰੋਕਣ ਲਈ ਵਰਤਿਆ ਜਾਵੇ। ਕੱਪੜੇ ਦੀਆਂ ਘੱਟੋ ਘੱਟ ਤੈਹਾਂ ਹੋਣ ਤਾਂ ਕਿ ਹਵਾ ਦੀ ਪ੍ਰਭਾਵੀ ਸਫ਼ਾਈ (Filtration) ਹੋ ਸਕੇ।

### ਮਖੌਟਾ (Mask) ਪਹਿਨਣ ਸਮੇਂ ਯਾਦ ਰੱਖਣ ਯੋਗ ਗੱਲਾਂ

01. ਹੱਥ ਧੋਵੋ।
02. ਬਰਤਨ ਤੋਂ ਸਾਫ਼ ਮਖੌਟਾ ਪਾਸੇ ਕਰੋ ਜੋ ਕਿ ਰੋਗਾਣੂ ਰਹਿਤ ਚਿਮਟੇ (ਜਮੂਰ) ਨਾਲ ਕੀਤੀ ਜਾਵੇ।
03. ਮਖੌਟੇ ਨੂੰ ਨਾਲ ਪਕੜੋ, ਚਿਹਰੇ ਤੇ ਫਿੱਟ ਕਰੋ ਸਿਰ ਦੇ ਪਿੱਛੇ ਰੱਸੀਆਂ ਬੰਨ੍ਹੋ ਉਸ ਮਖੌਟੇ ਨੂੰ ਨਾ ਛੂਹੋ ਜੋ ਕਿ ਚਿਹਰਾ ਢੱਕਦਾ ਹੈ। ਇਹ ਜ਼ਰੂਰੀ ਹੈ ਚਿਹਰਾ ਤੇ ਨੱਕ ਦੋਵੇਂ ਢਕੇ ਹੋਏ ਹੋਣ।

### ਮਖੌਟਾ (Mask) ਹਟਾਉਣ ਲਈ

01. ਹੱਥ ਧੋਵੋ।



Downloaded from https:// www.studiestoday.com

Downloaded from https:// www.studiestoday.com

02. ਗਾਊਨ (ਚੋਲਾ) ਲਾਹ ਦਿਓ (ਜੇ ਪਾਇਆ ਹੈ)

03. ਮਖੌਟਾ ਲਾਹ ਦਿਓ ਅਤੇ ਇਸ ਨੂੰ ਵਰਤੇ ਹੋਏ ਮਖੌਟਿਆਂ ਦੇ ਭਾਂਡੇ ਵਿੱਚ ਸਿੱਟ ਦਿਉ।

04. ਹੱਥਾਂ ਨੂੰ ਚੰਗੀ ਤਰ੍ਹਾਂ ਧੋ ਲਵੋ।

## ਅਭਿਆਸ

1. **ਇੱਕ ਨੇੜੇ ਦੇ ਹਸਪਤਾਲ ਵਿੱਚ ਜਾਓ ਅਤੇ ਵੱਖ-2 ਯੂਨਿਟਾਂ (ਇਕਾਈਆਂ) ਦੇਖੋ ਫਰਕ ਪਤਾ ਕਰੋ ਕਿ ਕਿੱਤੇ ਮੈਡੀਕਲ ਜਾਂ ਚੀਰ ਫਾੜ (Asepsis) ਦੀ ਵਰਤੋਂ ਹੁੰਦੀ ਹੈ। ਹੇਠਲੇ ਟੇਬਲ ਵਿੱਚ ਯੂਨਿਟਾਂ ਦੇ ਨਾਂ ਲਿਖੋ।**

| ਮੈਡੀਕਲ (Asepsis) | ਚੀਰ ਫਾੜ (Asepsis) |
|---|---|
| 1. | 1. |
| 2. | 2. |
| 3. | 3. |
| 4. | 4. |
| 5. | 5. |

2. ਗਾਊਨ ਪਾਉਣ ਦਾ ਤਰੀਕਾ, ਚਿਹਰਾ ਮਖੌਟਾ ਅਤੇ ਹੱਥ ਦਸਤਾਨੇ ਪਾਉਣ ਦੇ ਤਰੀਕੇ।

## ਮੁੱਲਾਂਕਣ

**(ੳ) ਛੋਟੇ ਉੱਤਰਾਂ ਵਾਲੇ ਪ੍ਰਸ਼ਨ—**

1. ਵਿਸ਼ ਅਣੂ ਰਹਿਤ ਕੀ ਹੈ? (Asepsis) (ਵਿਸ਼ ਅਣੂ ਹੀਣਤਾ)
2. ਹੱਥ ਨਾਲ ਧੋਣ ਦੀ ਕੀ ਮਹੱਤਤਾ ਹੈ?
3. ਤੁਸੀਂ ਰੋਗਾਣੂ ਰਹਿਤ ਲਪੇਟ ਟਰੇ ਨੂੰ ਕਿਵੇਂ ਖੋਲ੍ਹੋਗੇ।
4. ਛੂਤ ਦੇ ਇੱਕ ਤੋਂ ਦੂਜੀ ਥਾਂ ਜਾਣ ਦੇ ਤਰੀਕਿਆਂ ਬਾਰੇ ਖੋਲ੍ਹਕੇ ਵਰਣਨ ਕਰੋ?

## ਮੁੱਲਾਂਕਣ ਸੰਬੰਧੀ ਚੈੱਕ ਲਿਸਟ

ਹੇਠ ਲਿਖੀ ਚੈੱਕ ਲਿਸਟ ਦੀ ਵਰਤੋਂ ਕਰ ਜੇਕਰ ਤੁਸੀਂ ਮੁੱਲਾਂਕਣ ਸੰਬੰਧੀ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ।

**ਭਾਗ-ੳ (Part-A)**

**ਹੇਠ ਲਿਖਿਆਂ ਵਿੱਚ ਫਰਕ ਪਤਾ ਕੀਤਾ।**

1. ਸਿੱਧੇ ਤੇ ਅਸਿੱਧੇ ਮੇਲ।
2. ਮੈਡੀਕਲ ਅਤੇ ਚੀਰ ਫਾੜ (Asepsis) ਵਿਸ਼ ਅਣੂ ਹੀਣਤਾ।



Downloaded from https:// www.studiestoday.com

Downloaded from https:// www.studiestoday.com

### ਭਾਗ-ਅ (Part-B)

#### ਹੇਠ ਲਿਖਿਆਂ ਦੇ ਸ਼੍ਰੇਣੀ ਵਿੱਚ ਚਰਚਾ ਕੀਤੀ।

1. ਛੂਤ (ਬਦਲਵੀਂ) ਦੀ ਰੋਕ ਥਾਮ ਦੀ ਮਹੱਤਤਾ।
2. ਹੱਥ ਧੋਣ ਦੀ ਮਹੱਤਤਾ।
3. ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਨੂੰ ਲਾਗ ਦੇ ਤਰੀਕੇ।
4. Asepsis ਦੀਆਂ ਕਿਸਮਾਂ। (ਵਿਸ਼ ਅਣੂ ਰਹਿਤ)

### ਭਾਗ-ੲ (Part-C)

#### ਪ੍ਰਦਰਸ਼ਨ ਪੱਧਰ

ਪ੍ਰਦਰਸ਼ਨ ਪੱਧਰ ਵਿੱਚ ਸ਼ਾਮਲ ਹੋ ਸਕਦਾ ਹੈ ਪਰ ਹੱਦ ਨਹੀਂ।

| ਪ੍ਰਦਰਸ਼ਨ ਪੱਧਰ (Performance Standard) | ਹਾਂ | ਨਾਂ |
|---|---|---|
| ਵੱਖ-2 ਤਰੀਕੇ ਜਿਨ੍ਹਾਂ ਨਾਲ ਲਾਗ ਇੱਕ ਦੂਜੇ ਨੂੰ ਲਗਦੀ ਹੈ ਅਤੇ Asepsis ਵਿਸ਼ ਅਣੂ ਰਹਿਤ ਦਾ ਅਮਲ | | |
| ਗਾਊਨ ਮਖੌਟਾ ਤੇ ਦਸਤਾਨੇ ਪਹਿਨਣ ਦੀਆਂ ਤਰਤੀਬ ਵਾਰ ਵਿਧੀਆਂ ਦਾ ਪ੍ਰਦਰਸ਼ਨ | | |
| ਹੱਥ ਧੋਣ ਦੇ ਪੜਾਵਾਂ ਦਾ ਪ੍ਰਦਰਸ਼ਨ | | |

—0—



Downloaded from https:// www.studiestoday.com

Downloaded from https:// www.studiestoday.com

# ਸੈਸ਼ਨ-5 : ਅਪਰੇਸ਼ਨ ਥੀਏਟਰ ਨੂੰ ਰੋਗਾਣੂ ਮੁਕਤ ਕਰਨਾ

## ਸੰਬੰਧਿਤ ਗਿਆਨ

ਇਸ ਸੈਸ਼ਨ ਵਿੱਚ ਤੁਸੀਂ ਅਪਰੇਸ਼ਨ ਥੀਏਟਰ ਅਨੁਸ਼ਾਸਨ ਨਿਗਰਾਨੀ, ਸਫ਼ਾਈ ਅਤੇ ਹਵਾਈ ਰੋਗ ਜਣਨ ਬਾਰੇ ਸਿੱਖੋਗੇ। ਤੁਸੀਂ ਇਹ ਵੀ ਅਧਿਅਨ ਕਰੋਗੇ ਕਿ ਪੈਰਾ ਮੈਡੀਕਲ ਸਟਾਫ਼/GDA ਆਮ ਡਿਊਟੀ ਸਹਾਇਕ ਨੂੰ ਟਰੇਨਿੰਗ ਦੇਣ ਦਾ ਕੀ ਢੰਗ ਹੈ। ਧੂਣੀ ਦੇ ਢੰਗ, ਚੀਰ ਫਾੜ ਸੰਬੰਧੀ ਅਗਵਾਈ ਰੋਗਾਣੂ ਮੁਕਤੀ ਅਤੇ (GDA) ਦੀਆਂ ਡਿਊਟੀਆਂ ਅਪ੍ਰੇਸ਼ਨ ਥੀਏਟਰ/ਵਿੱਚ ਇਨ੍ਹਾਂ ਸਭ ਗੱਲਾਂ ਨੂੰ ਇਸ ਸੈਸ਼ਨ ਵਿੱਚ ਪੂਰਾ ਕੀਤਾ ਜਾਵੇਗਾ।



ਚੀਰ ਫਾੜ ਵਾਲੀ ਥਾਂ (SSIs) ਦੂਜੀ ਸਭ ਤੋਂ ਵੱਧ ਆਮ ਥਾਂ ਹੈ ਜਿੱਥੇ ਹਸਪਤਾਲ ਵਿੱਚ ਛੂਤ/ਲਾਗ ਲਗਦੀ ਹੈ, ਇਹ ਚੀਰ ਫਾੜ ਦੇ ਉਲਝੇਂਵੇ ਅਸਵਸਥਾ ਪੈਦਾ ਕਰਦੇ ਹਨ ਅਤੇ ਜਦੋਂ ਉਸ ਥਾਂ ਤੇ ਇਹ ਕੰਮ ਸਮੇਂ ਵਾਪਰਦੇ ਹਨ ਤਦ 77% ਤੱਕ ਮੌਤ ਦਰ ਉੱਚੀ ਹੋ ਜਾਂਦੀ ਹੈ। ਚੀਰ ਫਾੜ ਵਾਲੀ ਥਾਂ ਦਾ ਸੋਮਾ ਅੰਦਰਜਾਤੀ ਹੋ ਸਕਦਾ ਹੈ ਜਾਂ ਬਾਹਰ ਜਾਤੀ ਜਿਸ ਵਿੱਚ ਚੀਰ ਫਾੜ ਵਾਲੀ ਟੀਮ, ਚੀਰ ਫਾੜ ਕਮਰਾ, ਵਾਤਾਵਰਣ (ਹਵਾ, ਫਰਸ਼ ਕੰਧਾਂ) ਸੰਦ, ਔਜ਼ਾਰ ਅਤੇ ਸਮਾਨ ਜੋ ਰੋਗਾਣੂ ਮੁਕਤ ਕਰਨ ਲਈ ਲਿਆਂਦਾ ਹੈ। ਚੀਰ ਫਾੜ ਵਾਲੇ ਥੀਏਟਰ ਵਿੱਚ ਰੋਗਾਣੂ ਮੁਕਤ ਵਾਤਾਵਰਨ ਕਾਇਮ ਕਰਕੇ ਬਾਹਰ ਜਾਤੀ ਪ੍ਰਭਾਵਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ।

**ਹੇਠ ਲਿਖੀਆਂ ਹਦਾਇਤਾਂ/ਸਾਵਧਾਨੀਆਂ ਨਾਲ ਛੂਤ/ਲਾਗ (Infection) ਦੀ ਦਰ ਘਟਾਈ ਜਾ ਸਕਦੀ ਹੈ।**

1. ਹਰ ਹਸਪਤਾਲ ਨੂੰ ਇੱਕ ਲਾਗ ਕੰਟਰੋਲ ਕਮੇਟੀ ਦੀ ਸਥਾਪਨਾ ਕਰਨੀ ਚਾਹੀਦੀ ਹੈ ਜੋ ਹਰ ਚੀਜ਼ ਦੀ ਨਿਗਰਾਨੀ ਕਰਕੇ, ਛੂਤੀ ਲਾਗ (Infection) ਤੇ ਕਾਬੂ ਪਾਵੇ।
2. ਗ਼ੈਰ ਜ਼ਰੂਰੀ ਵਿਅਕਤੀਆਂ ਦੀ ਔਪ੍ਰੇਸ਼ਨ ਥੀਏਟਰ ਚ ਦਾਖਲਾ ਸੀਮਤ ਕੀਤਾ ਜਾਵੇ ਕਿਉਂਕਿ ਹਰ ਕੋਈ ਇਸ ਵਿੱਚ ਯੋਗਦਾਨ ਪਾਉਂਦਾ ਹੈ।
3. ਗਰਮ ਪਾਣੀ ਨਾਲ ਪੂਰੀ ਧੁਆਈ ਤੇ ਡਿਟਰਡੈਂਟ ਨਾਲ ਹੋਰ ਧੁਆਈ ਨਾਲ ਪੂਰਾ ਸੁਧਾਰ ਹੋ ਸਕਦਾ ਹੈ ਬਿਨਾਂ ਮਲੀਨਤਾ/ਛੂਤ ਰੋਗਾਣੂ ਨਾਸ਼ਕ ਰਸਾਇਣਾਂ ਦੀ ਵਰਤੋਂ ਦੇ ਜਾਂ ਧੂਣੀ ਦੇ ਉਪਾਅ ਦੇ।
4. ਬਾਰ-2 ਨਿਗਰਾਨੀ ਅਤੇ ਟਰੇਨਿੰਗ ਜੋ ਕਿ ਪੈਰਾ ਮੈਡੀਕਲ ਸਟਾਫ਼ ਨੂੰ ਦਿੱਤੀ ਜਾਂਦੀ ਹੈ ਉਸ ਨੂੰ ਪਹਿਲ ਦੇਣੀ ਚਾਹੀਦੀ ਹੈ ਜਾਂ ਕਿ ਮਸ਼ੀਨੀ ਤੇ ਰਸਾਇਣੀ ਤਰੀਕਿਆਂ ਨੂੰ।
5. ਪੂਰੀ ਤਰ੍ਹਾਂ ਧੁਲਾਈ ਅਤੇ (Cabolisation) ਜੇਕਰ ਹਰ ਚੀਰ ਫਾੜ ਤੋਂ ਬਾਅਦ ਹਰ ਰੋਜ਼ ਕੀਤੀ ਜਾਵੇ ਤਦ ਸੁਰੱਖਿਆ ਦੇ ਪੱਧਰ ਉੱਚੇ ਹੁੰਦੇ ਹਨ ਅਤੇ ਇਸ ਤੋਂ ਬਾਰ-2 ਧੂਣੀ ਤੇ ਹੋਣ ਵਾਲੇ ਖਰਚ ਤੋਂ ਬਚਿਆ ਜਾ ਸਕਦਾ ਹੈ।

ਅਪ੍ਰੇਸ਼ਨ ਥੀਏਟਰਾਂ ਨੂੰ ਚੰਗੇ ਸਿਵਲ ਇੰਜਨੀਅਰ ਪੱਧਰਾਂ ਨਾਲ ਲਾਗੂ ਕੀਤਾ ਜਾਂਦਾ ਹੈ ਜਿਸ ਵਿੱਚ ਹੇਠ ਲਿਖੇ ਤੱਤ ਸ਼ਾਮਲ ਹਨ।



Downloaded from https:// www.studiestoday.com

Downloaded from https:// www.studiestoday.com

### ਅਪ੍ਰੇਸ਼ਨ ਥੀਏਟਰ ਅਨੁਸ਼ਾਸਨ

- ਸਿਰਫ਼ ਉਹ ਲੋਕ ਜਿੰਨ੍ਹਾਂ ਦੀ ਵਿਸ਼ੇਸ਼ ਕੰਮ ਲਈ ਲੋੜ ਹੈ, ਹੀ ਅਪ੍ਰੇਸ਼ਨ ਥੀਏਟਰ ਵਿੱਚ ਹਾਜ਼ਰ ਹੋਣੇ ਚਾਹੀਦੇ ਹਨ।
- ਜੋ ਲੋਕ ਥੀਏਟਰ ਵਿੱਚ ਹਾਜ਼ਰ ਹੁੰਦੇ ਹਨ ਉਨ੍ਹਾਂ ਨੂੰ ਘੱਟੋ ਘੱਟ ਹਿਲਜੁਲ ਕਰਨੀ ਚਾਹੀਦੀ ਹੈ ਤੇ ਥੀਏਟਰ ਚੋਂ ਬਾਹਰ ਅੰਦਰ ਜਾਣਾ ਘਟਾਉਣਾ ਚਾਹੀਦਾ ਹੈ। ਇਸ ਨਾਲ ਬੈਕਟੀਰਿਆ ਦੀ ਗਿਣਤੀ ਘੱਟ ਜਾਂਦੀ ਹੈ।
- ਹਵਾਈ ਮਲੀਨਤਾ ਆਮ ਤੌਰ ਤੇ ਚੀਰ ਫਾੜ ਦੀ ਕਿਸਮ ਤੋਂ ਪ੍ਰਭਾਵਤ ਹੁੰਦੀ ਹੈ ਅਤੇ ਹਵਾ ਦੀ ਕਿਸਮ ਜੋ ਕਿ ਹਵਾ ਦਰ ਦੇ ਬਦਲ ਤੇ ਨਿਰਭਰ ਹੈ।
- ਸਾਰੇ ਵਿਅਕਤੀ ਜਿਨ੍ਹਾਂ ਵਿੱਚ ਘੱਟ ਕੇਡਰ ਦੇ ਮੁਲਾਜ਼ਮ ਸ਼ਾਮਲ ਹਨ ਉਹ ਵੀ ਛੂਤ/ਲਾਗ ਕੰਟਰੋਲ ਵਿੱਚ ਭਾਈਵਾਲ ਹਨ ਇਨ੍ਹਾਂ ਨੂੰ ਛੂਤ ਰੋਕ ਅਮਲਾ ਦੀ ਪਾਲਣਾ ਕਰਨੀ ਚਾਹੀਦੀ ਹੈ।
- ਪੂਰੀ ਤਰ੍ਹਾਂ ਥੀਏਟਰ ਦੀ ਗੰਦਗੀ ਨੂੰ ਹਟਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ। ਸਰੀਰਕ ਛਲਕਣ, ਜਿਸ ਵਿੱਚ ਫਰਸ਼ਾਂ ਤੇ ਖ਼ੂਨ ਪੂਰੀ ਤਰ੍ਹਾਂ ਖ਼ਤਰਨਾਕ ਹੈ ਇਸ ਨਾਲ ਰੋਗ ਜਣਨ ਕਿਰਿਆਵਾਂ 'ਚ ਵਾਧਾ ਹੁੰਦਾ ਹੈ।

### ਅਪ੍ਰੇਸ਼ਨ ਥੀਏਟਰ ਦੀ ਨਿਗਰਾਨੀ

- ਅਪ੍ਰੇਸ਼ਨ ਥੀਏਟਰ ਦਾ ਵਾਤਾਵਰਨ ਸੁਖਾਵਾਂ ਹੈ ਅਤੇ ਇਸ ਵਿੱਚ ਲਗਾਤਾਰ ਤਬਦੀਲੀ ਹੁੰਦੀ ਰਹਿੰਦੀ ਹੈ। ਚੰਗਾ (Infrastructure) ਬੁਨਿਆਦੀ ਢਾਂਚਾ ਦਾ ਅਰਥ ਸੁਰੱਖਿਅਤ ਵਾਤਾਵਰਨ ਨਹੀਂ ਕਿਉਂਕਿ ਲੋਕਾਂ ਦਾ ਅਸਰ ਸੁਰੱਖਿਅਤ ਵਾਤਾਵਰਨ ਤੇ ਹੈ।
- ਰੋਗਾਣੂ ਸੰਬੰਧੀ ਨਿਗਰਾਨੀ ਵਿਸ਼ੇਸ਼ ਥਾਂ ਰੱਖਦੀ ਹੈ। ਸਿਹਤ ਕਾਮਿਆਂ (GDA) ਆਮ ਡਿਊਟੀ ਸਹਾਇਕ ਨੂੰ ਬਾਰੇ ਜਾਣੂ ਹੋਣਾ ਚਾਹੀਦਾ ਹੈ ਥਾਵਾਂ ਤੇ ਵਸੋਂ ਨਿਗਰਾਨ ਕ੍ਰਿਆਵਾਂ ਨੂੰ ਧਿਆਨ ਨਾਲ ਚੁਣਿਆ ਜਾਵੇ ਤਾਂ ਠੀਕ ਨਤੀਜੇ ਆ ਸਕਣ।
- (GDA) ਨੂੰ ਹਸਪਤਾਲ ਦੀਆਂ ਤਕਨੀਕਾਂ ਬਾਰੇ ਜਾਣ ਹੋਣਾ ਚਾਹੀਦਾ ਹੈ ਜੋ ਕਿ ਆਮ ਤੌਰ ਤੇ ਨਮੂਨੇ ਵਜੋਂ ਸਹੀ ਨਤੀਜੇ ਨਹੀਂ ਦੇ ਸਕਦੇ ਜਦੋਂ ਕਿ ਵਾਤਾਵਰਨ ਨਮੂਨੇ ਪੇਸ਼ ਕਰਨ ਦਾ ਮੌਕਾ ਆਉਂਦਾ ਹੈ।
- ਥਾਵਾਂ ਅਤੇ ਸਭਿਅਕਤ ਰਿਪੋਰਟਾਂ ਨੂੰ ਅੱਜ ਦੇ (Infection) ਲਾਗ ਵਿੱਚ (etiological) ਸੋਮਿਆ ਵਜੋਂ ਨਹੀਂ ਚੁਣਨਾ ਚਾਹੀਦਾ। ਗ਼ੈਰ ਜ਼ਰੂਰੀ ਤਲ ਖੇਤਰਾਂ ਵਿੱਚ ਗੜਬੜਾਹਟ ਪੈਦਾ ਕਰ ਦਿੰਦੀ ਹੈ ਅਤੇ ਮਤਲਬੀ ਵਿਆਖਿਆ ਖ਼ਤਮ ਹੋ ਜਾਂਦੀ ਹੈ।

  **ਹਵਾ ਇੱਕ ਲਾਗ ਦਾ ਸੋਮਾ (Infection Source) :** ਅਪ੍ਰੇਸ਼ਨ ਥੀਏਟਰਾਂ ਵਿੱਚ ਬੈਕਟੀਰੀਆ ਦੀ ਗਿਣਤੀ ਹਾਜ਼ਰ ਵਿਅਕਤੀਆਂ ਦੀ ਮੌਜ਼ੂਦਗੀ ਤੇ ਪ੍ਰਭਾਵਤ ਹੈ। ਇਸ ਤੋਂ ਬਿਨਾਂ ਰੋਸ਼ਨੀ ਅਤੇ ਹਵਾ ਚਲਣਾ। ਇਸ ਗੱਲ ਨੂੰ ਧਿਆਨ 'ਚ ਰੱਖਕੇ ਹੀ ਨਤੀਜਿਆਂ ਦੀ ਵਿਆਖਿਆ ਕੀਤੀ ਜਾਵੇ।

### ਹਵਾਈ ਰੋਗ (ਉਪਜਾਉ) ਜਣਨਾ ਦੀ ਨਿਗਰਾਨੀ

- ਸੋਮਿਆਂ ਦੀ ਘਾਟ ਵਾਲੇ ਹਸਪਤਾਲਾਂ ਵਿੱਚ (Settle Plates withager) ਟਿਕਾਊ ਪਲੇਟਾਂ ਰੋਗ ਪਛਾਨਣ ਲਈ ਵਰਤੀਆਂ ਜਾਂਦੀਆਂ ਹਨ। ਕਈ ਤਰ੍ਹਾਂ ਦੀਆ ਆਮ ਪਲੇਟਾਂ ਰੱਖੀਆਂ ਜਾਂਦੀਆਂ ਹਨ ਅਤੇ ਨਤੀਜੇ ਪੂਰੇ ਤੌਰ ਤੇ ਮੁੱਲਾਂਕਣ ਤੇ ਨਿਰਧਾਰਤ ਹੁੰਦੇ ਹਨ ਨਾਂ ਕਿ ਇਕੱਲੀ ਪਲੇਟ ਦੇ ਕਮਰੇ ਵਿੱਚ ਅਧਿਅਨ ਤੇ' ਰੋਗਾਣੂ ਮਾਹਰ ਮੰਨਣ ਯੋਗ ਗਿਣਤੀਆਂ ਜੋ ਕਿ ਵੱਖ-2 ਥਾਵਾਂ ਤੇ ਹਨ ਅਤੇ ਵੱਖ-2 ਹਸਪਤਾਲਾਂ ਵਿੱਚ ਇਸ ਦੀ ਸਪਸ਼ਟਤਾ ਕਰਦੇ ਹਨ।



Downloaded from https:// www.studiestoday.com

Downloaded from https:// www.studiestoday.com

- ਪਿਛਲੇ ਬੀਤੇ ਸਮੇਂ ਵਿੱਚ ਗਿਣਤੀਆਂ ਵਿੱਚ ਵੱਡੀ ਤਬਦੀਲੀ ਆਈ ਹੈ। ਡਾਕਟਰੀ ਤਕਨੀਕਾਂ ਵਿੱਚ ਅੱਗੇ ਵਧਣ ਵਿੱਚ ਜੋੜ ਬਦਲਣੇ ਚੀਰ ਫਾੜ ਵਾਲੇ ਗੰਭੀਰ ਮਰੀਜ਼ ਇਸਦੀ ਉਦਾਹਰਣ ਹਨ।
- (Slit Sampler) ਚੀਰਾ ਪਾਰਖੂ ਅਤੇ (Air Centrifuge Equipment) ਅਪਕੇਂਦਰੀ ਸਮਾਨ ਜੋ ਬੈਕਟੀਰੀਆ ਕਾਊਂਟਸ ਲਈ ਹਨ ਦੀ ਥਾਂ (Settle Plates) ਲੈ ਲਈ ਹੈ।
- ਕਿੰਨੀ-2 ਦੇਰ ਮਗਰੋਂ ਸਾਨੂੰ ਹਵਾਈ ਰੋਗਾਣੂਆਂ ਦੀ ਨਿਗਰਾਨੀ ਕਰਨੀ ਚਾਹੀਦੀ ਹੈ। ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ। ਬਾਰ-2 ਨਿਗਰਾਨੀ ਬਹੁਤ ਕੀਮਤੀ ਹੈ ਅਤੇ ਹਸਪਤਾਲ ਵਿੱਚ ਚੱਲ ਰਹੀ ਛੂਤ ਦੀ ਦਰ ਨੂੰ ਨਹੀਂ ਜੋੜੇਗੀ ਪ੍ਰੰਤੂ ਇਸਦਾ ਅਸਰ ਹੋਵੇਗਾ ਜੇਕਰ ਸੁਰੱਖਿਅਤਾ ਦੇ ਪੱਧਰ ਗਿਰਦੇ ਹਨ ਹਦ ਬੀਜਾਣੂਆਂ ਦੀ ਲੋੜ ਹੋਵੇਗੀ।

### ਸਦੀਆਂ ਪੁਰਾਣੀ ਰਵਾਇਤ

- ਜਦੋਂ ਤੋਂ ਥੀਏਟਰ ਵਿੱਚ ਰੋਗਾਣੂ ਨਾਸ਼ਨ ਪ੍ਰਕ੍ਰਿਆ ਸ਼ੁਰੂ ਹੋਈ ਹੈ। ਆਮ ਕੋਸ਼ ਦੀ ਪਰਖ ਆਕਸੀਜਨ ਤੋਂ ਬਿਨਾਂ ਜੀਵਤ ਪ੍ਰਾਣੀਆਂ ਲਈ ਜ਼ਰੂਰੀ ਨਹੀਂ ਸਿਵਾਏ ਟੈਟਨੈਸ ਅਤੇ ਗੈਸ ਗੈਂਗਰੀਨ ਕੇਸਾਂ ਦੇ ਜੋ ਵਿਸ਼ੇਸ਼ ਥੀਏਟਰ ਲਈ ਨਿਸਚਤ ਹਨ।
- ਆਦਰਸ਼ਕ ਤੌਰ ਤੇ ਔਪਰੇਟਿੰਗ ਥੀਏਟਰ : ਅਵਾਯੂ ਜੀਵੀ ਜੀਵਾਂ ਲਈ ਨਿਗਰਾਨੀ ਦੀ ਥਾਂ ਹੁੰਦੀ ਹੈ ਜਦੋਂ ਇਹ ਨਵੇਂ ਬਣਦੇ ਹਨ ਜਾਂ ਜਦੋਂ ਨਵਾਂ ਮਾਡਲ ਜਾਂ ਢਾਂਚਾ ਗਤ ਤਬਦੀਲੀਆਂ ਕੀਤੀ ਜਾਂਦੀਆਂ ਹਨ।

### ਅਪ੍ਰੇਸ਼ਨ ਥੀਏਟਰ ਦੀ ਸਫ਼ਾਈ

1. **ਦਿਨ ਸ਼ੁਰੂ ਹੁੰਦੇ—** ਦਿਨ ਸ਼ੁਰੂ ਹੁੰਦੇ ਹੀ ਮਿੱਟੀ ਨੂੰ ਗਿੱਲੇ ਕਪੜੇ ਨਾਲ ਪਾਣੀ ਪਾਕੇ ਸਾਫ਼ ਕਰ ਦਿਉ। ਥੀਏਟਰ ਦੇ ਫਰਨੀਚਰ ਲੈਂਪ, ਮੇਜ਼, ਟਰਾਲੀ ਸਿਰੇ ਅਪ੍ਰੇਸ਼ਨ ਮੇਜ਼, ਪ੍ਰੋਸੀਜ਼ਰ ਮੇਜ਼ ਅਤੇ ਉਬਾਲੂ ਸਮਾਨ ਨੂੰ ਵੀ ਸਾਫ਼ ਕਰ ਦਿਉ ਜੇਕਰ ਇਹ ਵਸਤਾਂ ਖੂਨ ਜਾਂ ਸਰੀਰਕ ਦ੍ਰਵਾਂ ਨਾਲ ਪਲੀਤ ਨਹੀਂ ਹਨ ਤਦ ਇਨ੍ਹਾਂ ਨੂੰ ਰਸਾਇਣਾਂ ਅਤੇ ਰੋਗਾਣੂ ਨਾਸ਼ਨਾਂ ਨਾਲ ਸਾਫ਼ ਕਰਨ ਦੀ ਲੋੜ ਨਹੀਂ।
2. **ਪ੍ਰਕ੍ਰਿਆ ਦਰ ਮਿਆਨ—** ਅਪ੍ਰੇਸ਼ਨ ਵਾਲੇ ਮੇਜਾਂ ਤੇ ਹੋਰ ਪਲੀਤ ਤਲਾਂ ਨੂੰ ਰੋਗਾਣੂ ਨਾਸ਼ਕ, ਘੋਲਾਂ ਨਾਲ ਸਾਫ਼ ਕਰੋ। ਜੇਕਰ ਉਬਾਲਾ ਖ਼ੂਨ ਦਾ, ਸਰੀਰਕ ਦ੍ਰਵ ਦਾ ਹੋਵੇ ਤਦ ਰੋਗਾਣੂ ਰਹਿਤ ਕਰਨ ਲਈ ਬਲੀਚਿੰਗ/ਕਲੋਰੀਨ ਘੋਲ ਦੀ ਵਰਤੋਂ ਕਰੋ। (10% ਕਲੋਰੀਨ) ਸਭ ਗੰਦ ਮੰਦ ਨੂੰ ਪਲਾਸਟਕ ਦੇ ਲਿਫਾਫ਼ਿਆਂ ਚ ਪਾਕੇ ਪਾਸੇ ਕਰ ਦਿਉ (ਅਪ੍ਰੇਸ਼ਨ ਵਾਲੀ ਥਾਂ ਤੇ ਨਹੀਂ) ਗੰਦੇ ਖਰਾਬ ਕੱਪੜੇ (Linen) ਅਤੇ ਗਾਊਨ ਨੂੰ ਅਪ੍ਰੇਸ਼ਨ ਥੀਏਟਰ ਦੇ ਫਰਸ਼ ਤੇ ਨਾ ਰੱਖੋ।
3. **ਦਿਨ ਦੇ ਅੰਤ ਤੇ—** ਉਪਰੋਂ ਸਾਰੇ ਮੇਜ਼ਾਂ, ਸਿੰਕ, ਦਰਵਾਜ਼ਿਆਂ ਦੇ ਹੈਂਡਲਾਂ ਪਹਿਲਾਂ ਡੀਟਰਜੈਂਟ ਤੇ ਬਾਅਦ ਵਿੱਚ ਘੱਟ ਤਾਕਤ ਦੇ ਰੋਗਾਣੂ ਨਾਸਕ ਨਾਲ ਧੋ ਦਿਉ। ਫਰਸ਼ਾਂ ਨੂੰ ਗਰਮ ਪਾਣੀ ਵਿੱਚ ਡੀਟਰਜੈਂਟ ਪਾਕੇ ਸਾਫ਼ ਕਰ ਦਿਉ। ਅੰਤ ਨੂੰ ਫੀਨੈਲ, ਕੀਟਾਣੂ ਰਹਿਤ ਕਰਨ ਲਈ ਵਰਤੋਂ ਇਸ ਨਾਲ ਪੂੰਝ ਦਿਉ। (ਇੱਕ ਵਿੱਚ ਦਸ) (ਘੱਟ ਫੀਨੈਲ ਬੇਅਸਰ) ਅਪ੍ਰੇਸ਼ਨ ਥੀਏਟਰ ਨੂੰ ਅਗਲੇ ਦਿਨ ਦੇ ਕੰਮ ਲਈ ਸੁੱਕਾ ਰੱਖੋ।

### ਪੈਰਾ ਮੈਡੀਕਲ ਸਟਾਫ਼ ਤੇ (GDA) ਆਮ ਡਿਊਟੀ ਸਟਾਫ਼ ਦੀ ਟਰੇਨਿੰਗ

ਛੋਟਾ ਹੱਲ, ਜਿਸ ਨਾਲ ਲਾਗ ਕਾਬੂ ਵਿੱਚ ਰਹਿ ਸਕਦੀ ਹੈ ਉਹ ਹੈ ਟਰੇਨਿੰਗ ਸਟਾਫ਼। ਇੱਕ ਚੰਗੇ ਅਦਾਰੇ ਦਾ ਇਹ ਨਿਸ਼ਾਨਾ ਹੋਣਾ ਚਾਹੀਦਾ ਹੈ ਨਵੇਂ ਆਉਣ ਵਾਲਿਆਂ ਲਈ (Infection) ਲਾਗ ਨੂੰ ਕਾਬੂ ਕੀਤਾ ਜਾਵੇ।

ਦਿਸ਼ਾ ਨਿਰਦੇਸ਼ ਬਣਾਏ ਜਾਣ ਕਿ ਬਦਲਵੇਂ ਹਾਲਾਤ ਵਿੱਚ ਕਿਵੇਂ ਲਾਗ ਨੂੰ ਕਾਬੂ ਕੀਤਾ ਜਾਵੇ। ਅਦਾਰਿਆਂ ਨੂੰ (Infection) ਲਾਗ ਲਈ ਕਾਬੂ ਕਰਨ ਲਈ ਵੱਖ-2 ਹਾਲਾਤਾਂ ਦੇ ਅਧਾਰ ਤੇ ਵਿਚਾਰ ਬਣਾਉਣੇ ਚਾਹੀਦੇ ਹਨ ਕਿਉਂਕਿ ਸਾਰੇ ਮੌਕਿਆਂ ਲਈ ਕੋਈ ਨੀਯਤ ਦਿਸ਼ਾ ਨਿਰਦੇਸ਼ ਨਹੀਂ ਜੋ ਹਰ ਮੌਕੇ ਲਈ ਠੀਕ ਹੋਣ। ਸਧਾਰਣ, ਬਾਰ-2 ਹੱਥ ਧੋਣਾ,



Downloaded from https:// www.studiestoday.com

Downloaded from https:// www.studiestoday.com

ਹਸਪਤਾਲ ਵਿੱਚੋਂ ਕਈ Infection ਛੂਤ/ਲਾਗਾਂ ਘਟਾਉਣ ਦਾ ਸਸਤਾ ਤਰੀਕਾ ਹੈ। ਖਾਸ ਤੌਰ ਤੇ ਇਹ ਅਪ੍ਰੇਸ਼ਨ ਥੀਏਟਰਾਂ ਵਿੱਚ ਹੋਣਾ ਚਾਹੀਦਾ ਹੈ।

### ਧੂਣੀ ਦੀ ਵਿਧੀ (Formaldehyde furrigation)

ਧੂਣੀ ਦੇਰ ਤੋਂ ਪ੍ਰਵਾਨਤ ਤਰੀਕਾ ਮੰਨਿਆ ਗਿਆ ਹੈ ਜਿਸ ਨਾਲ ਰੋਗਾਣੂ ਨਾਸ਼ਕ ਉਨ੍ਹਾਂ ਖੇਤਰਾਂ ਵਿੱਚ ਜਿੱਥੇ ਰੋਗਾਣੂਆਂ ਸੰਬੰਧੀ ਸਫ਼ਾਈ ਦੀ ਲੋੜ ਹੈ। (Formaldehyde) ਧੂਣੀ (ਵੇਪਰ) ਦੇਖਿਆ ਮੰਨਿਆ ਹੋਇਆ, ਆਮ ਵਰਤਿਆ ਜਾਣ ਵਾਲਾ ਤਰੀਕਾ ਹੈ। (Formaldehyde Vapor) ਇੱਕ ਪ੍ਰਭਾਵੀ ਜੀਵ ਸੰਬੰਧਤ ਵਸਤ ਹੈ। ਇਹ ਐਲਕਲੀ ਦਾ ਕੰਮ ਕਰਦਾ ਹੈ ਤੇ ਜੋ (Micro organism) ਨੂੰ ਸੁਸਤ ਕਰਦਾ ਹੈ ਇਹ ਪ੍ਰਤੀਕਿਰਿਆਂ ਉਹ Carboxyle, Amino hydroxyl ਅਤੇ sulphydral ਗਰੁੱਪ ਦੇ ਪ੍ਰੋਟੀਨਾਂ ਅਤੇ ਅਮੀਨੋ ਗਰੁੱਪ ਦੇ Nucleic acid ਦੇ ਨਾਲ ਰਲਕੇ ਕਰਦਾ ਹੈ। ਧੂਣੀ 20°C ਅਤੇ ਸੰਬੰਧਤ ਸਿਲਾਪਣ 65% ਵਿੱਚ ਪ੍ਰਭਾਵੀ ਹੈ।

ਧੂਣੀ ਬਜ਼ਾਰ ਵਿੱਚ 40% Formaldehyde ਪਾਣੀ ਮਿਸ਼ਰਤ ਘੋਲ ਨਾਲ ਉਪਲਬਧ ਹੈ। ਜਦੋਂ ਧੂਣੀ ਨੂੰ ਗਰਮ ਕੀਤਾ ਜਾਂਦਾ ਹੈ ਤਦ Formaldehyde Vapor ਬਣਦਾ ਹੈ। Formaldhyde ਇੱਕ ਨੰਬਰ ਦਾ ਰਸਾਇਣ ਹੈ ਜੋ ਉਨ੍ਹਾਂ ਵਸਤਾਂ ਦੇ ਕਾਬੂ ਅਧੀਨ ਹੈ।

### ਜੋ ਸਿਹਤ ਨਿਯਮਾਂ

ਜੋ ਸਿਹਤ ਨਿਯਮਾਂ ਲਈ ਘਾਤਕ ਹੈ ਅਤੇ ਜਿਸ ਦੀ ਵੱਧ ਤੋਂ ਵੱਧ ਮੌਜੂਦਗੀ ਦੀ ਹੱਦ (MEL) of 2 PPM ਹੈ। ਪਰ ਧੂਣੀ ਸਮੇਂ ਜੋ ਵਾਧਾ ਹੈ ਉਹ 100 ਗੁਣਾਂ ਇਸ ਤੋਂ ਵੱਧ ਹੈ। ਇਸ ਲਈ ਧੂਣੀ ਵਿਧੀ ਨੂੰ ਕੇਵਲ ਸਿੱਖਿਆ ਪ੍ਰਾਪਤ ਅਮਲੇ ਵੱਲੋਂ ਦੱਸੀਆਂ ਗਈਆਂ ਸੂਰਤਾਂ/ਹਾਲਾਤਾਂ ਵਿੱਚ ਹੀ ਚਲਾਇਆ ਜਾਵੇ। ਸਾਰੇ ਕਾਮਿਆਂ ਨੂੰ ਜੋ Formaldehyde ਦੀ ਵਰਤੋਂ ਕਰਦੇ ਹਨ ਨੂੰ ਇਸ ਵਿੱਧੀ ਨੂੰ ਚਲਾਉਣ ਬਾਰੇ ਜਾਣੂ ਹੋਣਾ ਚਾਹੀਦਾ ਹੈ।

ਕੁਝ ਖਾਸ ਹਾਲਤਾਂ ਵਿੱਚ Formaldehyde ਦੀ ਲੂਣ ਦੇ ਤੇਜ਼ਾਬ ਤੇ ਕਲੋਰੀਨ ਯੁਕਤ ਰੋਗਾਣੂ ਨਾਸ਼ਕ ਨਾਲ ਪ੍ਰਤੀਕ੍ਰਿਆ ਕਰਕੇ Chlormethyl ether, ਦੀ ਸਿਰਜਨਾ ਹੁੰਦੀ ਹੈ ਜੋ ਪੂਰਕ (Lung Careinagen) ਹੈ। ਇਸ ਲਈ ਲੂਣ ਦਾ ਤੇਜ਼ਾਬ ਅਤੇ ਕਲੋਰੀਨ ਯੁੱਕਤ ਰੋਗਾਣੂ ਨਾਸ਼ਨਾ ਨੂੰ ਧੂਣੀ ਤੋਂ ਪਹਿਲਾਂ ਕਮਰੇ ਤੋਂ ਬਾਹਰ ਕਰ ਦੇਣਾ ਚਾਹੀਦਾ ਹੈ।

### Step-1. ਪਹਿਲਾ ਕਦਮ ਤਿਆਰੀ

1. ਪੂਰੀ ਤਰ੍ਹਾਂ ਖਿੜਕੀਆਂ, ਦਰਵਾਜਿਆਂ, ਫਰਸ਼, ਕੰਧਾਂ, ਚੀਰ ਫਾੜ ਮੇਜ਼ ਅਤੇ ਧੋਣ ਯੋਗ ਸਮਾਨ ਨੂੰ ਸਾਬਣ ਤੇ ਪਾਣੀ ਨਾਲ ਸਾਫ਼ ਕਰਨਾ ਚਾਹੀਦਾ ਹੈ।
2. ਖਿੜਕੀਆਂ ਤੇ ਰੋਸ਼ਨ ਦਾਨਾਂ ਨੂੰ ਘੁੱਟਕੇ ਬੰਦ ਕਰੋ। ਜੇਕਰ ਕਿਤੋਂ ਖੁਲ੍ਹਾ ਹੋਵੇ ਤਦ ਇਸਨੂੰ ਸੈਲ ਫੋਨ ਟੇਪ ਜਾਂ ਹੋਰ ਕਿਸੇ ਸਮਾਨ ਨਾਲ ਬੰਦ ਕਰ ਦੇਣਾ ਚਾਹੀਦਾ ਹੈ ਤਾਂ ਕਿ ਲੀਕ (Leak) ਬੰਦ ਹੋ ਸਕੇ।
3. ਸਾਰੀਆਂ ਬੱਤੀਆਂ ਬੰਦ ਕਰ ਦਿਓ ਏ.ਸੀ. ਤੇ ਦੂਜੀਆਂ ਬਿਜਲਈ ਇਲੈਕਟ੍ਰੌਨਿਕ ਵਸਤਾਂ ਵੀ ਬੰਦ ਕਰ ਦਿਉ.
4. ਕਮਰੇ ਦੇ ਅਕਾਰ (Size) ਚੀਰ ਫਾੜ ਕਮਰਾ ਕਿਊਬਕ ਫੁੱਟਾਂ ਵਿੱਚ (L B H) ਅਤੇ ਲੋੜੀਂਦੀ ਮਾਤਰਾ (formaldehyde) ਦੀ ਗਣਨਾ ਕਰੋ।

### Step 2. ਦੂਜਾ ਕਦਮ ਸਾਵਧਾਨੀ

1. ਧਿਆਨ ਰੱਖਿਆ ਜਾਵੇ ਕਿ ਟੋਪੀ, ਮਖੌਟਾ (Mask) ਪੈਰ ਕਵਰ ਅਤੇ ਐਨਕਾਂ ਵਗੈਰਾ ਪਹਿਨ ਲਈਆਂ ਜਾਣ।
2. (Formaldehyde) ਅੱਖਾਂ ਨੱਕ ਲਈ ਦੁਖਦਾਈ ਹੈ ਇਸ ਨੂੰ ਪੂਰਾ (Carcinogen) ਮੰਨਿਆ ਗਿਆ ਹੈ।



Downloaded from https:// www.studiestoday.com

Downloaded from https:// www.studiestoday.com

3. ਇਸ ਲਈ ਧੂਣੀ ਦੇਣ ਵਾਲੇ ਵਿਅਕਤੀ ਨੂੰ ਬਚਾਓ ਸਮਾਨ ਦੇਣਾ ਚਾਹੀਦਾ ਹੈ।
4. ਜਦੋਂ ਧੂਣੀ ਦੀ ਪ੍ਰਕ੍ਰਿਆ ਚਾਲੂ ਹੋਣ ਸਮੇਂ ਸਾਵਧਾਨੀ ਨੋਟਿਸ (PPE) ਮੂਹਰਲੇ ਦਰਵਾਜ਼ੇ ਤੇ ਲਾਇਆ ਜਾਵੇ।

**Step 3. ਧੂਣੀ ਕ੍ਰਿਆ**

1. **ਬਿਜਲਈ ਧੂਣੀ ਬਾਇਲਰ ਧੂਣੀ ਤਰੀਕਾ (ਸਿਫ਼ਾਰਸ਼ ਕੀਤੀ) :** ਹਰ 1000 ਕਿਊਬਕ ਘਣ ਫੁੱਟ ਲਈ 500 mL Formaldehyde (40% ਘੋਲ) ਇਸ ਵਿੱਚ 1000 mL ਸਾਫ਼ ਕੀਤਾ ਪਾਣੀ (ਜੇਕਰ ਨਾ ਹੋਵੇ ਤਦ ਟੂਟੀ ਦਾ ਪਾਣੀ) ਬਿਜਲਈ ਦੇ ਬਾਇਲਰ ਵਿੱਚ ਪਾਉ। ਬਾਇਲਰ ਦਾ ਸਵਿੱਚ ਔਨ ਕਰ ਦਿਉ ਕਮਰਾ ਛੱਡ ਦਿਉ ਤੇ ਕਮਰਾ ਸੀਲ ਕਰ ਦਿਉ। ਪੰਜਤਾਲੀ ਮਿੰਟ ਮਗਰੋਂ (ਵੱਖ-2 ਨਾਪ ਸਮਾਨ) ਸਵਿੱਚ ਬੰਦ ਕਰ ਦਿਉ ਇਸ ਤਰ੍ਹਾਂ ਬਾਇਲਰ ਬੰਦ ਹੋ ਜਾਵੇਗਾ ਪਰ ਕਮਰੇ ਵਿੱਚ ਦਾਖਲ ਨਾ ਹੋਵੋ। ਬਾਹਰੋਂ ਮੇਨ ਸਵਿੱਦ ਵੀ ਬੰਦ ਕਰ ਦਿਉ।
2. **ਪੋਟਾਸ਼ੀਅਮ ਪਰਮੈਗਾਨੇਟ ਤਰੀਕਾ :** ਇੱਥੇ ਤਾਪ (ਆਕਸੀਡਾਈਜ਼ਰ ਰਾਹੀਂ) ਪੋਟਾਸ਼ੀਅਮ ਪ੍ਰਮੈਗਾਨੇਟ ($KMNO_4$) ਦਿੱਤਾ ਜਾਂਦਾ ਹੈ ਜਿਸਦਾ ਨਤੀਜਾ ਆਪ ਉਬਾਲ ਅਤੇ formal dehyde ਤੋਂ ਹਵਾੜ ਹੁੰਦਾ ਹੈ। 500 mL Formaldehyde (40% ਘੋਲ) 1000 mL ਸਾਫ਼ ਕੀਤਾ ਪਾਣੀ (ਜੇਕਰ ਨਾ ਮਿਲੇ ਟੂਟੀ ਦਾ ਪਾਣੀ) ਇਕੇ ਤਾਪ ਕਿ ਰੋਕੂ ਭਾਂਡੇ ਵਿੱਚ, ਚੰਗਾ ਹੋਵੇ ਇੱਕ ਸਟੀਲ ਦੀ ਬਾਲਟੀ, ਜਿਸ ਵਿੱਚ 450 gm of $KMnO_4$, 100 ਕਿਊਬਕ ਫੁੱਟ ਲਈ ਪਾਉ ਇਸਨੂੰ ਇੱਕ ਵੱਖਰੀ ਬਾਲਟੀ ਵਿੱਚ ਫੇਰ ਦੁਹਰਾਉ 1000 ਕਿਊਬਕ ਫੁੱਟ ਮਾਤਰਾ ਲਈ ਉਦੋਂ ਤੱਕ ਕਹੋ ਜਦੋਂ ਤੱਕ ਥੀਏਟਰ ਦੀ ਘਣਤਾ ਸਿਰੇ ਨਾ ਪੁੱਜੇ ਇਹ ਜ਼ਰੂਰੀ ਹੈ ਕਿ ਇਸ ਵਿੱਚ $KMnO_4$ ਗਾਰੀਆਂ ਬਾਲਟੀਆਂ ਵਿੱਚ ਪਾਓ ਤਾਂ ਕਿ ਹਵਾੜ, ਘੱਟ ਸਕੇ। (ਤਿੰਨ ਜਾਂ ਚਾਰ ਵਿਅਕਤੀ ਵੱਖ-2 ਥਾਵਾਂ ਤੇ)
3. Informaldehyde Vapor ਤੋਂ ਬਾਦ ਕਮਰਾ ਛੱਡ ਦਿਉ ਅਤੇ ਇਸਨੂੰ 12 ਤੋਂ 24 ਘੰਟੇ ਪਹਿਲਾਂ ਸੀਲ ਕਰ ਦਿਉ।

**Step 4 : (Neutralization) ਨਿਰਪੱਖੀਕਰਣ**

1. ਨਿਰਪੱਖੀਕਰਣ ਤੋਂ ਪਹਿਲਾਂ Formaldehyde ਧੂਣੀ ਪ੍ਰਬੰਧ ਨੂੰ ਚੀਰ ਫਾੜ ਥੀਏਟਰ ਖੇਤਰ ਤੋਂ ਬਾਹਰ ਕੱਢ ਲਉ। ਤਦ Formaldehyde Vapor ਦਾ ਜ਼ਹਿਰੀਲਾ ਪਣ ਅਮੋਨੀਆ ਘੋਲ ਨਾਲ ਨਿਰਪੱਖ ਕਰ ਲਉ।
2. ਰੂੰ ਦੀ ਗੇਂਦ (ਬੰਡਲ) ਰੱਖੋ ਇਸ ਤੇ 300 mL ਦਾ 10% ਅਮੋਨੀਆ (ਹਰ 500 mL Formaldehyde ਵਰਤੋਂ ਲਈ) ਸਰਜੀਕਲ ਥੀਏਟਰ ਦੇ ਫਰਸ਼ ਤੇ ਪਾਉ ਇਹ ਪ੍ਰਕ੍ਰਿਆ ਸਵੇਰੇ 7 ਵਜੇ ਘੱਟੋ ਘੱਟ 4 ਘੰਟੇ ਪਹਿਲਾਂ “Sterility Test”।
3. Formaldehyde ਗੈਸ, ਅਮੋਨੀਆ ਗੈਸ ਨਾਲ ਪ੍ਰਤੀਕ੍ਰਿਆ ਕਰਦੀ ਹੈ ਅਤੇ (hexamine) ਪੈਦਾ ਕਰਦੀ ਹੈ। ਜਿਸਨੂੰ ਨੁਕਸਾਨ ਦੇਹ ਵਸਤ ਨਹੀਂ ਸਮਝਿਆ ਜਾਂਦਾ।
4. ਏ.ਸੀ. ਨੂੰ ਚਲਾ ਦਿਓ ਘੱਟੋ ਘੱਟ 2 ਘੰਟੇ ਪਹਿਲਾਂ (ਸਵੇਰੇ 9 ਵਜੇ “Sterility Test”)

**ਉਦਾਹਰਣ**

ਚੀਰ ਫਾੜ ਥੀਏਟਰ ਆਇਤਨ $= L \times B \times H$

$= 20 \times 15 \times 10 = 3000$ ਘਣ ਫੁੱਟ

**ਨੋਟ :** ਇਸਨੂੰ 1000 ਦੇ ਨੇੜੇ ਕਰੋ ਜੇਕਰ ਆਇਤਨ ਭਾਗਾਂ ਵਿੱਚ ਹੈ।

Formaldehyde ਦੇ ਧੂਣੀ ਲਈ ਲੋੜੀਂਦੀ ਹੈ = 500 mL ਜੋ 1000 ਘਣ ਫੁੱਟ ਲਈ ਹੈ।

ਇਸ ਲਈ 1500 mL Formaldehyde ਲਈ ਲੁੜੀਂਦੇ ਹੈ।

(3000 mL ਸਾਫ਼ ਪਾਣੀ ਵਿੱਚ ਪਤਲਾ ਕਰਨਾ ਹੈ)



Downloaded from https:// www.studiestoday.com

Downloaded from https:// www.studiestoday.com

ਅਮੋਨੀਆ ਜੋ ਨਿਰਪੱਖੀ ਕਰਨ ਲਈ ਲੁੜੀਂਦਾ ਹੈ = 300 mL ਅਮੋਨੀਆ ਦਾ 10% ਜੋ 500 mL Formaldehyde ਲਈ ਲੁੜੀਂਦਾ ਹੈ

ਇਸ ਲਈ = 900 mL of 10% ਅਮੋਨੀਆ ਲੁੜੀਂਦਾ ਹੈ।

## ਅਗਵਾਈ ਲੀਹਾਂ ਜੋ ਚੀਰ ਫਾੜ ਖੇਤਰ ਲਈ ਲੁੜੀਂਦੀਆਂ ਹਨ ਜਿਨ੍ਹਾਂ ਨਾਲ ਰੋਗਾਣੂ ਮੁਕਤੀ ਹੋਨ

- ਇੱਕ ਲਾਗ ਬੁੱਕ ਰੱਖੀ ਜਾਵੇ ਤੇ ਇਸ਼ਦੀ ਪੂਰੀ ਸੰਭਾਲ ਕੀਤੀ ਜਾਵੇ ਜਿਨ੍ਹਾਂ ਨਾਲ ਸਾਰੀ ਧੂਣੀ ਪ੍ਰਕ੍ਰਿਆ ਦੇ ਵੇਰਵੇ ਦਿੱਤੇ ਹੋਣ। ਮਿਤੀ ਤੇ ਸਮਾਂ ਧੂਣੀ ਦਾ, ਮਿਤੀ ਤੇ ਸਮਾਂ ਨਿਰਪੱਖੀਕਰਨ ਦਾ ਜੋ ਕੰਮ ਕਰਦੇ ਹਨ ਅਤੇ ਤਰੀਕਾਂ ਜਿਨ੍ਹਾਂ ਤੇ (Sterility Test) ਕੀਤਾ ਜਾਂਦਾ ਹੈ ਤੇ ਇਨ੍ਹਾਂ ਦੇ ਨਤੀਜੇ।
- ਉਸਾਰੀ ਯੋਜਨਾ ਵਿੱਚ ਵੱਖਰਾ ਚੀਰ ਫਾੜ ਕੇਤਰ ਹੋਵੇ ਜਿਸਦੀ ਗਿਣਤੀ ਦੇ ਵੇਰਵੇ ਲਾਗ ਬੁੱਕਤ ਨਾਲ ਜੋੜੇ ਜਾਣ।
- ਉਸਾਰੀ ਵਿੱਚ ਵੱਖਰਾ ਡਰੈਸਿੰਗ ਕਮਰਾ ਜੋ ਮੈਡੀਕਲ ਅਫਸਰ ਲਈ ਹੈ ਅਤੇ ਸਟਾਫ਼ ਅਤੇ GDA ਲਈ ਵੀ ਇਹ ਕਮਰਾ ਹੈ, ਮਰੀਜ਼ਾਂ ਲਈ ਉਡੀਕ ਕਮਰਾ ਚੀਰ ਫਾੜ ਕਮਰਾ ਤੇ ਵਰਾਂਡਾ ਹੋਣੇ ਜ਼ਰੂਰੀ ਹਨ।
- ਉਸਾਰੀ, ਤਰਖਾਣਾ ਕੰਮ, ਪਲੰਬਰ ਦਾ ਕੰਮ, ਬਿਜਲੀ, ਸਫ਼ਾਈ ਅਤੇ ਹੋਰ ਕੰਮ ਧੂਣੀ ਵਿਧੀ ਚਾਲੂ ਕਰਨ ਤੋਂ ਪਹਿਲਾਂ ਕਰ ਲਏ ਜਾਣ।
- ਜੋ ਕਮਰਾ ਚੀਰ ਫਾੜ ਲਈ (ਜਿਵੇਂ ਪਲੈਨ 'ਚ ਦਿਖਾਇਆ ਗਿਆ ਹੈ) ਹੈ ਉਸਨੂੰ ਮੰਤਵ ਲਈ ਨਾ ਵਰਤਿਆ ਜਾਵੇ।
- ਸਾਰੇ ਬਲਾਕ ਨੂੰ ਪੂਰੀ ਤਰ੍ਹਾਂ ਸਾਫ਼ ਕੀਤਾ ਜਾਵੇ ਮਗਰੋਂ ਹੀ ਧੂਣੀ ਪ੍ਰਕ੍ਰਿਆ ਕੀਤੀ ਜਾਵੇ ਸਾਰਾ ਸਮਾਨ ਜਿਵੇਂ ਪਿਚਕਾਰੀ, ਮੇਜ਼, ਫੋਕਸ ਲਾਈਟਾਂ, ਏ.ਸੀ. ਯੂਨਿਟ ਵਗੈਰਾ ਦੀ ਸਫ਼ਾਈ ਬਣਾਉਣ ਵਾਲਿਆਂ ਦੀ ਹਦਾਇਤ ਅਨੁਸਾਰ ਕੀਤੀ ਜਾਵੇ।
- ਆਲਾ ਦੁਆਲਾ ਕੂੜਾ ਕਰਕਟ ਤੋਂ ਮੁਕਤ ਹੋਵੇ, ਖੁਲ੍ਹੀਆਂ ਨਾਲੀਆਂ, ਝਾੜੀਆਂ ਵਗੈਰਾ ਅਤੇ ਹੋਰ ਫਜ਼ੂਲ ਵਸਤਾਂ ਤੋਂ ਮੁਕਤੀ ਹੋਵੇ।
- ਦਰਵਾਜ਼ੇ ਉੱਤੇ ਤਾੜਨਾ ਨੋਟਿਸ ਲਗਾਇਆ ਜਾਵੇ ਜਦੋਂ ਧੂਣੀ ਪ੍ਰਕ੍ਰਿਆ ਚੱਲ ਰਹੀ ਹੋਵੇ।
- ਅਧਿਕਾਰਤ ਵਿਅਕਤੀਆਂ ਨੂੰ ਹੀ ਅੰਦਰ ਦਾਖਲ ਹੋਣ ਦਿੱਤਾ ਜਾਵੇ। ਮੇਨ ਦਰਵਾਜ਼ੇ ਉੱਤੇ ਲੇਬਲ ਲਾਇਆ ਜਾਵੇ।
- ਚੀਰ ਫਾੜ ਥੀਏਟਰ ਅੱਗੇ ਜੁੱਤੀਆਂ ਦੇ ਵੱਖਰੇ ਜੋੜੇ ਰੱਖੇ ਜਾਣ।
- ਥੀਏਟਰ ਦੀ ਪੁਸ਼ਾਕ (ਸਿਰ ਦੀ ਟੋਪੀ, ਮਾਸਕ, ਐਪਰਨ, ਜੁੱਤੀ ਵਗੈਰਾ) ਹਰ ਪੁਰਸ਼ ਲਈ ਲੁੜੀਂਦੀਆਂ ਹਨ ਜੋ ਕਿ ਚੀਰ ਫਾੜ ਥੀਏਟਰ ਵਿੱਚ ਦਾਖਲ ਹੁੰਦੇ ਹਨ ਜਿਵੇਂ (ਸਰਜਨ, ਐਨੇਥੇਟਿਸਟ, ਮਾਈਕ੍ਰੋਬਾਇਲੋਜੀਟੀਮ GDA, ਥੀਏਟਰ ਸਹਾਇਕ, ਸਹਾਇਕ ਦੇ GDA)
- ਚੀਰ ਫਾੜ ਥੀਏਟਰ ਸਾਫ਼ ਕੀਤਾ ਜਾਵੇ ਅਤੇ ਕੁਝ ਸਮੇਂ ਬਾਦ ਧੂਣੀ ਵਗੈਰਾ ਦਿੱਤੀ ਹੋਵੇ ਇਹ ਗੱਲ ਕੇਸ ਭਾਰ ਤੇ ਨਿਰਭਰ ਹੋਵੇ।

## ਅਪ੍ਰੇਸ਼ਨ ਥੀਏਟਰ ਵਿੱਚ GDA ਦੀਆਂ ਡਿਊਟੀਆਂ

1. ਥੀਏਟਰ G.D.A. ਸਾਰੇ ਤਰ੍ਹਾਂ ਦੇ ਸਮਾਨ ਔਜ਼ਾਰਾਂ ਜੋ ਚੀਰ ਫਾੜ ਲਈ ਜ਼ਰੂਰੀ ਹਨ, ਜ਼ਿੰਮੇਵਾਰ ਹੈ।
2. ਉਹ ਸਾਰੇ ਸਮਾਨ ਔਜ਼ਾਰਾਂ ਨੂੰ ਰੋਗ ਮੁਕਤ ਕਰਨ ਲਈ ਜ਼ਿੰਮੇਵਾਰ ਹੈ।



Downloaded from https:// www.studiestoday.com

Downloaded from https:// www.studiestoday.com

3. ਉਸ ਨੂੰ ਕੂਹਣੀਆਂ ਤੋਂ ਉਂਗਲਾਂ ਦੇ ਸਿਰਿਆਂ ਤੱਕ ਰਗੜਨਾ ਚਾਹੀਦਾ ਹੈ। ਇਸ ਗੱਲ ਦਾ ਧਿਆਨ ਰੱਖਦੇ ਹੋਏ ਕਿ ਨਹੁੰਆਂ ਦੇ ਹੇਠਾਂ ਅਤੇ ਉਂਗਲਾਂ ਦੇ ਵਿਚਕਾਰ ਵੀ ਸਫ਼ਾਈ ਹੋਵੇ।
4. ਉਸ ਨੂੰ (Mask) ਮਖੌਟਾ ਪਾਉਣਾ ਚਾਹੀਦਾ ਹੈ ਤੇ ਆਪਣਾ ਸਿਰ ਟੋਪੀ ਨਾਲ ਢੱਕ ਲਿਆ ਜਾਵੇ ਤਦ ਉਹ ਤਾਂਕਿ ਪੂਰੇ ਵਾਲ ਢੱਕ ਹੋ ਜਾਣ।
5. ਉਸ ਨੂੰ ਰੋਗਾਣੂ ਰਹਿਤ ਗਾਊਨ ਪਾਉਣਾ ਚਾਹੀਦਾ ਹੈ ਜਿਵੇਂ ਗਾਊਨ ਤਕਨੀਕ ਦੇ ਦੱਸਿਆ ਗਿਆ ਹੈ।
6. ਉਸ ਨੂੰ ਦੱਸੀ ਤਕਨੀਕ ਅਨੁਸਾਰ ਦਸਤਾਨੇ ਪਾਉਣੇ ਚਾਹੀਦੇ ਹਨ।
7. ਉਸ ਨੂੰ ਅਪ੍ਰੇਸ਼ਨ ਲਈ ਰੋਗਾਣੂ ਮੁਕਤ ਸਮਾਨ ਔਜ਼ਾਰ ਵਰਤਣੇ ਚਾਹੀਦੇ ਹਨ।
8. ਜੇਕਰ ਉਹ ਦੁਰਘਟਨਾਵਸ ਰੋਗਾਣੂ ਯੁੱਕਤ ਔਜ਼ਾਰ ਸਮਾਨ ਨੂੰ ਛੂਹ ਲੈਂਦੇ ਹਨ ਤੱਦ ਉਸਨੂੰ ਆਪਣਾ ਗਾਊਨ ਤੇ ਦਸਤਾਨੇ ਬਦਲ ਲੈਣੇ ਚਾਹੀਦੇ ਹਨ।
9. **ਉਸਨੂੰ ਟਰਾਲੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜਿਸ ਉੱਤੇ ਹੇਠ ਲਿਖੀਆਂ ਵਸਤਾਂ (Carbolized Trolley) ਤੇ ਰੱਖੀਆਂ ਜਾਣ।**

   (ੳ) ਰੋਗਾਣੂ ਮੁਕਤ ਸ਼ੀਟ।

   (ਅ) ਰੋਗਾਣੂ ਮੁਕਤ drapes ਦੇ ਇੱਕ ਸਿਰੇ ਤੋਂ ਦੂਜੇ ਉੱਪਰ।

   (ੲ) ਔਜ਼ਾਰ ਤਰਤੀਬ ਵਿੱਚ।
10. ਉਸ ਨੂੰ ਚੀਰ ਫਾੜ ਵਾਲੇ ਸਮਾਨ ਦੀ ਗਿਣਤੀ ਨਾਲ ਤੂੰਬਾ, ਪੋਚੇ ਜੋ ਅਪ੍ਰੇਸ਼ਨ ਲਈ ਲੁੜੀਂਦੇ ਹਨ ਲੈ ਜਾਣੇ ਚਾਹੀਦੇ ਹਨ ਅਤੇ ਅਪ੍ਰੇਸ਼ਨ ਤੋਂ ਮੱਗਰੋਂ ਫਿਰ ਗਿਣਤੀ ਕਰਨੀ ਚਾਹੀਦੀ ਹੈ ਤਾਂ ਕਿ ਕੋਈ ਵਸਤ ਮਰੀਜ਼ ਦੇ ਢਿੱਡ ਵਿੱਚ ਨਾ ਚਲੀ ਗਈ ਹੋਵੇ।
11. ਡਰੰਮ ਅਤੇ ਔਜ਼ਾਰ ਤੇ ਹੋਰ ਸਮਾਨ ਜਿਸਦੀ ਲੋੜ ਨਹੀਂ ਨੂੰ ਬਿਨ੍ਹਾਂ ਬੇਕਾਰ ਖੁਲ੍ਹਾ ਨਾ ਰੱਖਿਆ ਜਾਵੇ।
12. ਉਸ ਨੂੰ ਵਰਤੇ ਪੋਚੇ ਤੇ ਤੂੰਬੇ/ਫਹੇ ਨੂੰ ਨਹੀਂ ਛੇੜਨਾ ਚਾਹੀਦਾ।

## ਅਭਿਆਸ

1. **ਇੱਕ ਨੇੜੇ ਦੇ ਹਸਪਤਾਲ ਵਿੱਚ ਜਾਓ ਅਤੇ ਅਪ੍ਰੇਸ਼ਨ ਥੀਏਟਰਾਂ ਵਿੱਚ ਸਫ਼ਾਈ ਵਿਧੀਆਂ ਨੂੰ ਦੇਖੋ। ਹੇਠ ਲਿਖੇ ਟੇਬਲ ਨੂੰ ਦੇਖਣ ਬਾਦ ਭਰੋ।**

| ਕ੍ਰਮ ਨੂੰ. | ਸਮਾਂ | ਅਪ੍ਰੇਸ਼ਨ ਥੀਏਟਰਾਂ ਦਾ ਜੋ ਖੇਤਰ ਸਾਫ਼ ਕੀਤਾ |
|---|---|---|
| 01 | ਦਿਨ ਸ਼ੁਰੂ ਹੁੰਦੇ ਹੀ | |
| 02 | ਵਿਧੀਆਂ ਦੇ ਵਿਚਕਾਰ | |
| 03 | ਦਿਨ ਦੇ ਖਾਤਮੇ ਤੇ | |



Downloaded from https:// www.studiestoday.com

Downloaded from https:// www.studiestoday.com

2. ਨੇੜੇ ਦੇ ਹਸਪਤਾਲ ਜਾਓ ਅਤੇ ਦੇਖੋ ਕਿ ਥੀਏਟਰ ਨੂੰ ਧੂਣੀ ਗਤ ਕਰਨ ਲਈ ਕਿਨ੍ਹਾਂ-2 ਰਸਾਇਣਾਂ ਦੀ ਵਰਤੋਂ ਕੀਤੀ ਅਤੇ ਹੇਠ ਲਿਖਿਆ ਟੇਬਲ ਭਰੋ।

| ਕ੍ਰਮ ਨੰ. | ਕਿਸ ਕਿਸਮ ਦਾ ਰਸਾਇਣ ਵਰਤਿਆ | ਕਿੰਨੀ ਮਾਤਰਾ ਰਸਾਇਣ ਦੀ ਵਰਤੀ |
|---|---|---|
| 01 | | |
| 02 | | |
| 03 | | |
| 04 | | |
| 05 | | |

## ਮੁੱਲਾਂਕਣ

(ੳ) ਛੋਟੇ ਉੱਤਰਾਂ ਵਾਲੇ ਪ੍ਰਸ਼ਨ—

1. ਅਪ੍ਰੇਸ਼ਨ ਥੀਏਟਰ ਵਿੱਚ ਛੂਤ (Infection) ਦੀ ਦਰ ਘਟਾਉਣ ਲਈ ਕੀ-ਕੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ?

   ..........................................................................................

   ..........................................................................................

   ..........................................................................................

2. ਅਪ੍ਰੇਸ਼ਨ ਥੀਏਟਰ ਅਨੁਸ਼ਾਸਨ ਦੀ ਲਿਸਟ ਬਣਾਓ ?

   ..........................................................................................

   ..........................................................................................

   ..........................................................................................

3. ਅਪ੍ਰੇਸ਼ਨ ਥੀਏਟਰ ਦੀ ਨਿਗਰਾਨੀ ਦੀਆਂ ਵਿਧੀਆਂ ਦੱਸੋ ?

   ..........................................................................................

   ..........................................................................................

   ..........................................................................................

4. ਅਪ੍ਰੇਸ਼ਨ ਥੀਏਟਰ ਵਿੱਚ ਧੂਣੀ ਦੀ ਪ੍ਰਕ੍ਰਿਆ ਦਾ ਵਰਣਨ ਕਰੋ।

   ..........................................................................................

   ..........................................................................................

   ..........................................................................................



Downloaded from https:// www.studiestoday.com

Downloaded from https:// www.studiestoday.com

5. **ਚੀਰ ਫਾੜ ਥੀਏਟਰ ਵਿੱਚ ਰੋਗਾਣੂ ਨਾਸ਼ਕ ਸੰਬੰਧੀ ਕੀ-ਕੀ ਅਗਵਾਈ ਲੀਹਾਂ ਹਨ ?**

..........................................................................................................

..........................................................................................................

..........................................................................................................

6. **(G.D.A.) ਆਮ ਡਿਊਟੀ ਸਹਾਇਕ ਦੀਆਂ ਅਪ੍ਰੇਸ਼ਨ ਥੀਏਟਰ ਵਿੱਚ ਕੀ ਡਿਊਟੀਆਂ ਹਨ ?**

..........................................................................................................

..........................................................................................................

..........................................................................................................

**(ਅ) ਖਾਲੀ ਥਾਂ ਭਰੋ—**

1. (Formaldehyde Vapor) ਦੇ ਜ਼ਹਿਰੀਲਾਪਣ ਦਾ ਨਿਰਪੱਖੀ ਕਰਨ ........... ਦੇ ਘੋਲ ਨਾਲ ਕੀਤਾ ਜਾਂਦਾ ਹੈ।
2. 1500 ਘਣ ਫੁੱਟ ਧੂਣੀ ਪੈਦਾ ਕਰਨ ਲਈ ............ (mL) ਮਿਲੀਲਿਟਰ Formalhyde) ਦੀ ਲੋੜ ਹੈ।
3. Formaldehyde Vapor ਦੀ ਪ੍ਰਕ੍ਰਿਆ ਸ਼ੁਰੂ ਕਰਨ ਤੋਂ ਬਾਦ ਕਮਰਾ ........... ਘੰਟੇ ਸੀਲ ਬੰਦ ਰੱਖਿਆ ਜਾਂਦਾ ਹੈ।
4. ਧੂਣੀ ਪ੍ਰਕ੍ਰਿਆਵਾਂ ........... .......... ........... ਅਤੇ ...........।
5. ਬੈਕਟੀਰੀਆ ਗਿਣਤੀ ਅਪ੍ਰੇਸ਼ਨ ਥੀਏਟਰਾਂ ਦੀ ............ ਗਿਣਤੀ .......... ਅਤੇ ...........।

## ਮੁੱਲਾਂਕਣ ਸੰਬੰਧੀ ਚੈੱਕ ਲਿਸਟ ਕਿਰਿਆ

**ਹੇਠ ਲਿਖੀ ਚੈੱਕ ਲਿਸਟ ਦੀ ਵਰਤੋਂ ਕਰੋ ਇਹ ਦੇਖਣ ਲਈ ਕਿ ਕੀ ਤੁਸੀਂ ਮੁੱਲਾਂਕਣ ਕ੍ਰਿਆ ਸੰਬੰਧੀ ਸਾਰੀਆਂ ਲੋੜਾਂ ਪੂਰੀਆਂ ਕਰ ਲਈਆਂ ਹਨ।**

**ਭਾਗ-ੳ (Part-A)**

**ਹੇਠ ਲਿਖਿਆਂ ਵਿੱਚ ਫਰਕ ਪਤਾ ਕੀਤਾ।**

1. ਬਿਜਲੀ ਦਾ ਬਾਇਲਰ ਅਤੇ ਪੋਟਾਸ਼ੀਅਮ ਪ੍ਰੋਮੈਂਗਨੇਟ ਧੂਣੀ ਢੰਗ।
2. ਅਪ੍ਰੇਸ਼ਨ ਥੀਏਟਰ ਸਫ਼ਾਈ ਦੀਆਂ ਤਕਨੀਕਾਂ, ਅਪ੍ਰੇਸ਼ਨ ਤੋਂ ਪਹਿਲਾਂ ਤੇ ਬਾਅਦ ਵਿੱਚ।
3. (Slit Sampler) ਅਤੇ (Settle Plates) ਦੇ ਲਾਭ।

**ਭਾਗ-ਅ (Part-B)**

**ਸ਼੍ਰੇਣੀ ਵਿੱਚ ਚਰਚਾ ਕੀਤੀ—**

1. ਅਪ੍ਰੇਸ਼ਨ ਥੀਏਟਰ ਵਿੱਚ ਨਿਗਰਾਨੀ ਵਿਧੀਆਂ ਕੀ ਹਨ ?



Downloaded from https:// www.studiestoday.com

Downloaded from https:// www.studiestoday.com

2. ਅਪ੍ਰੇਸ਼ਨ ਥੀਏਟਰ ਵਿੱਚ ਸਮਾਨ ਨੂੰ ਕਿਵੇਂ ਰੋਗਾਣੂ ਮੁਕਤ ਕੀਤਾ ਜਾਂਦਾ ਹੈ?
3. ਧੂਣੀ ਪ੍ਰਕ੍ਰਿਆ ਵਿੱਚ ਅਮੋਨੀਆ ਦੀ ਵਰਤੋਂ ਦਾ ਕੀ ਲਾਭ ਹੈ?
4. ਆਮ ਡਿਊਟੀ ਸਹਾਇਕ (GDA) ਦੀਆਂ ਅਪ੍ਰੇਸ਼ਨ ਥੀਏਟਰ ਵਿੱਚ ਕੀ ਡਿਊਟੀਆਂ ਹਨ।

## ਭਾਗ-ੲ (Part-C)

### ਪ੍ਰਦਰਸ਼ਨ ਪੱਧਰ

ਪ੍ਰਦਰਸ਼ਨ ਪੱਧਰ ਵਿੱਚ ਸ਼ਾਮਲ ਹੈ ਪਰ ਹੱਦ ਨਹੀਂ।

| ਪ੍ਰਦਰਸ਼ਨ ਪੱਧਰ (Performance Standard) | ਹਾਂ | ਨਾਂ |
|---|---|---|
| ਧੂਣੀ ਪ੍ਰਕ੍ਰਿਆ ਵਿੱਚ ਵਰਤੇ ਪੱਧਰਾਂ ਦੀ ਪਛਾਣ | | |
| ਗਿਣਤੀ ਮਿਣਤੀ Formalin/Potassium Permanganate ਜੋ ਕਿ ਧੂਣੀ ਪ੍ਰਕ੍ਰਿਆ ਲਈ ਵਰਤੀ | | |
| ਚੀਰ ਫਾੜ ਥੀਏਟਰ 'ਚ ਰੋਗਾਣੂ ਨਾਸ਼ਨ ਅਗਵਾਈ ਲੀਹਾਂ | | |
| ਅਪ੍ਰੇਸ਼ਨ ਥੀਏਟਰ ਦੀ ਸਫ਼ਾਈ ਸੰਬੰਧੀ ਗਿਆਨ ਦਾ ਪ੍ਰਦਰਸ਼ਨ ਕਰੋ। | | |

—0—



Downloaded from https:// www.studiestoday.com

Downloaded from https:// www.studiestoday.com

# ਸੈਸ਼ਨ-6 : ਚੀਰ ਫਾੜ ਪੱਟੀ

## ਸੰਬੰਧਿਤ ਗਿਆਨ

ਇਸ ਸੈਸ਼ਨ ਵਿੱਚ ਤੁਸੀਂ ਉਦੇਸ਼ਾਂ, ਵਿਸ਼ੇਸ਼ਤਾਵਾਂ, ਕਿਸਮਾਂ, ਚੀਰ ਫਾੜ ਪੱਟੀਆਂ ਸੰਬੰਧੀ ਨਿਯਮ ਬਾਰੇ ਸਿੱਖੋਗੇ। ਤੁਸੀਂ ਪੱਟੀਆਂ ਸੰਬੰਧੀ ਵੱਖ-2 ਤਰੀਕੇ ਅਤੇ ਪੜਾਅ ਬਾਰੇ ਵੀ ਅਧਿਅਨ ਕਰੋਗੇ।

### ਪੱਟੀ ਬੰਨ੍ਹਣਾ

ਪੱਟੀ ਇੱਕ ਜ਼ਖਮ ਨੂੰ ਬਚਾਉਣ ਲਈ, ਬੰਨੀ ਜਾਂਦੀ ਹੈ ਇਸ ਨਾਲ ਲਾਗ (Infection) ਤਰਲ ਸਮਾ ਲੈਣਾ ਖ਼ੂਨ ਕਾਬੂ ਕਰ ਲੈਣਾ ਅਤੇ ਹੋਰ ਜ਼ਖਮ ਹੋਣ ਤੋਂ ਬਚਾਅ ਹੁੰਦਾ ਹੈ।

### ਉਦੇਸ਼

1. ਜ਼ਖਮ ਸਾਫ਼ ਕਰਨ ਲਈ।
2. ਜ਼ਖਮਾਂ ਵਿੱਚ ਸੰਗਠਨ ਰੋਗਾਣੂ ਅੰਦਰ ਜਾਣ ਤੋਂ ਰੋਕਣ ਲਈ।
3. ਉਸ ਹਿੱਸੇ ਨੂੰ ਆਰਾਮ ਦੇਣਾ ਤਾਂ ਕਿ ਜ਼ਖਮ ਛੇਤੀ ਤੇ ਚੰਗੀ ਤਰ੍ਹਾਂ ਭਰ ਜਾਵੇ।
4. ਲੋਕਲ ਦਵਾਈਆਂ ਦੀ ਵਰਤੋਂ ਕਰਨਾ ਤਾਂ ਕਿ ਜ਼ਖਮ ਛੇਤੀ ਭਰੇ ਤੇ ਚੰਗੀ ਤਰ੍ਹਾਂ ਭਰੇ।
5. ਲੋਕਲ ਵਹਾਅ ਨੂੰ ਤੇਜ਼ ਕਰਨਾ।
6. ਜ਼ਖਮ ਤੋਂ ਦਲਦਲ ਨੂੰ ਹਟਾਉਣਾ।
7. ਦਬਾਅ ਪਾਕੇ ਜ਼ਖਮਾਂ ਦੇ ਸਿਰਿਆਂ ਨੂੰ ਦਬਾਅ ਪਾਕੇ ਨੇੜੇ ਲਿਆਉਣਾ।

### ਵਧੀਆ ਪੱਟੀਆਂ ਦੀਆਂ ਵਿਸ਼ੇਸ਼ਤਾਈਆਂ

1. ਰੋਗਾਣੂ ਮੁਕਤ ਹੋਵੇ।
2. ਇਹ ਠੀਕ ਮੁਸਾਮਾਂ ਨਾਲ ਨਰਮ ਹੋਵੇ ਤਾਂ ਕਿ ਰਿਸਣਾ ਜੋ ਗੰਦਗੀ ਜਾਂ ਪਸੀਨੇ ਦੀ ਹੈ, ਨੂੰ ਸਮਾਂ ਸਕੇ।
3. ਇਹ ਐਨੀ ਵੱਡੀ ਹੋਵੇ ਜਿਸ ਨਾਲ ਜ਼ਖਮ ਢਕਿਆ ਜਾ ਸਕੇ ਅਤੇ ਇਸ ਨੂੰ 2-5 ਸੈਂਟੀਮੀਟਰ ਵਧਾਇਆ ਜਾ ਸਕੇ।

### 1. ਚਿਪਕੂ ਪੱਟੀ (ਬੈਂਡ ਏਡ)

1. ਇਹ ਰੋਗਾਣੂ ਮੁਕਤ ਹਨ।
2. ਇਸ ਵਿੱਚ (Paid Absorbent gauge of Cellulose) ਇਕੱਲਾ ਇੱਕ ਗੁੰਦ ਵਰਗੀ ਤਹਿ ਨਾਲ ਜੁੜਿਆ ਹੁੰਦਾ ਹੈ।
3. ਇਹ ਵੱਖ-2 ਅਕਾਰ ਅਤੇ ਕਾਗਜ਼ਾਂ ਵਿੱਚ ਦਿੱਤਾ ਜਾਂਦਾ ਹੈ।



Downloaded from https:// www.studiestoday.com

Downloaded from https:// www.studiestoday.com

### ਲਾਉਣ ਦਾ ਤਰੀਕਾ

1. ਉਪਰਲੀ ਪਰਤ ਲਾਹ ਦਿਉ ਅਤੇ ਪੱਟੀ ਦੀ ਤਹਿ ਨੂੰ ਪਾਸੇ ਕਰ ਦਿਉ।
2. ਤਹਿ ਪਿੱਛੇ ਆਕੇ ਨਿਕਲੀ ਪੱਟੀ ਨੂੰ ਜ਼ਖਮ ਤੇ ਰੱਖ ਦਿਉ।
3. ਸਿਰਿਆਂ ਨੂੰ ਦਬਾ ਦਿਉ ਤੇ ਵਿਚਕਾਰੋਂ ਵੀ ਦਬਾਅ ਦਿਉ।

### 2. ਨਾਂ ਚਿਪਕੂ ਪੱਟੀਆਂ

1. ਤਿਆਰ ਬਰ ਤਿਆਰ ਪੱਟੀਆਂ ਨੂੰ ਰੋਗਾਣੂ ਮੁਕਤ ਕਰੋ।
2. ਇਸ ਵਿੱਚ ਇਕ ਜਾਲੀ ਦੀ ਤਹਿ ਹੁੰਦੀ ਹੈ ਜੋ ਰੂੰ ਉਨੀ ਇਸ ਨਾਲ ਰੋਲਰ ਜੁੜਿਆ ਹੁੰਦਾ ਹੈ ਜੋ ਕਿ ਇਸ ਨੂੰ ਸਥਿਤੀ ਵਿੱਚ ਰੱਖਦਾ ਹੈ।
3. ਇਸ ਪੱਟੀ ਨੂੰ ਇੱਸ ਬਚਾਅ ਕਵਰ ਵਿੱਚ ਰੱਖਿਆ ਹੁੰਦਾ ਹੈ।
4. ਇਸ ਵੱਖ-2 ਅਕਾਰਾਂ (Sizes) ਵਿੱਚ ਮਿਲਦੀਆਂ ਹਨ।

**ਪੱਟੀਆਂ ਦੀ ਟਰਾਲੀ ਵਿੱਚ ਸ਼ਾਮਲ ਵਸਤਾਂ**

| ਹਿੱਸਾ | ਸਮਾਨ |
|---|---|
